prepp

Practice, Learn and Achieve
Your Goal with Prepp

# DSSB Exam

## PGT Previous Paper

Simplifying
**Government Exams**

SSC CHSL | IAS EXAM | RRB NTPC | NTSE | CDS
SSC CGL | CBSE UGC NET | IBPS PO | NDA
SBI PO | IBPS CLERK | AFCAT | SSC JE | CTET
CSIR UGC NET | CAPF | IBPS RRB

www.prepp.in

**DO NOT OPEN THE SEAL OF THE BOOKLET UNTIL YOU ARE TOLD TO DO SO**
**इस पुस्तिका की सील तब तक न खोले जब तक कहा न जाए**

POST CODE/ पोस्ट कोड : 189/14, 190/14

# OBJECTIVE TYPE TIER – II EXAMINATION
# वस्तुनिष्ठ टियर – II परीक्षा

**A**

SEAL

Time Allowed : 2 Hours
निर्धारित समय : 2 घंटे

**JDD-81/PGT-PUNJ/TIER-II/X-15**

Maximum Marks : 200
अधिकतम अंक : 200

Read the following instructions carefully before you begin to answer the questions.
प्रश्नों के उत्तर देने से पहले नीचे लिखे अनुदेशों को ध्यान से पढ़ लें ।

## IMPORTANT INSTRUCTIONS TO CANDIDATES

1. This Booklet contains 200 questions in all comprising the following Test Component :

| *Sl. No.* | *Test Component* | *No. of Questions* |
|---|---|---|
| 1) | Post Specific subject related questions | 200 |

2. All questions are compulsory and carry equal marks.
3. **The paper carries negative markings. For each wrong answer 0.25 mark will be deducted.**
4. In case of any discrepancy between the English and Hindi versions of any question, the English version will be treated as final/authentic.
5. OMR Answer-Sheet is enclosed in this Booklet. You must complete the details of **Roll Number, Question Booklet No., etc.,** on the Answer-Sheet and Answer-Sheet No. on the space provided above in this Question Booklet, before you actually start answering the questions, failing which your Answer-Sheet will not be evaluated and you will be awarded 'ZERO' mark.
6. You must not tear off or remove any sheet from this Booklet. The Answer-Sheet must be handed over to the Invigilator before you leave the Examination Hall.
7. Use of Calculator/Palmtop/Laptop/Other Digital Instrument/Mobile/Cell Phone/Pager is **not** allowed.
8. Candidates found guilty of misconduct/using unfair means in the Examination Hall will be liable for appropriate penal/legal action.
9. The manner in which different questions are to be answered has been explained at the back of this Booklet, which you should read carefully before actually answering the questions.
10. **No Rough Work is to be done on the Answer-Sheet.**

## उम्मीदवारों के लिए महत्त्वपूर्ण अनुदेश

1. इस पुस्तिका में कुल 200 प्रश्न है, जिनमें निम्नलिखित परीक्षण विषय शामिल है :

| *क्र.सं.* | *परीक्षण विषय* | *प्रश्नों की संख्या* |
|---|---|---|
| 1) | पोस्ट स्पेसिफिक विषय-संबंधी प्रश्न | 200 |

2. सभी प्रश्न अनिवार्य है तथा सबके बराबर अंक है ।
3. **प्रश्न पत्र में नकारात्मक अंकन होगा । हर गलत उत्तर के लिए 0.25 अंक काटा जायेगा ।**
4. यदि किसी प्रश्न के हिन्दी तथा अंग्रेजी अनुवाद में कोई अंतर है तो अंग्रेजी अनुवाद को ही सही समझा जायेगा ।
5. इस पुस्तिका में ओ.एम.आर. उत्तर-पत्रिका संलग्न है । प्रश्नों के उत्तर वास्तव में शुरू करने से पहले आप उत्तर-पत्रिका में अपना **रोल नम्बर, प्रश्न पुस्तिका संख्या,** इत्यादि तथा इस प्रश्न पुस्तिका में उपरोक्त दिए गए स्थान पर उत्तर-पत्रिका की संख्या लिखें । अन्यथा आपकी उत्तर-पत्रिका को जाँचा नहीं जायेगा और शून्य अंक दिया जायेगा ।
6. इस पुस्तिका से कोई पन्ना फाड़ना या अलग करना मना है । परीक्षा-भवन छोड़ने से पहले उत्तर-पत्रिका निरीक्षक के हवाले कर दें ।
7. कैल्कुलेटर/पामटॉप/लैपटॉप/अन्य डिजिटल उपकरण/मोबाइल/सेल फोन/पेजर का उपयोग **वर्जित** है ।
8. परीक्षा-भवन में अनुचित व्यवहार एवं कार्य के लिए दोषी पाये गये अभ्यर्थी युक्तिसंगत दंडनीय/वैधानिक कार्यवाही के पात्र होंगे ।
9. विभिन्न प्रश्नों के उत्तर देने की विधि इस पुस्तिका के पीछे छपे हुए निर्देशों में दे दी गई है, इसे आप प्रश्नों के उत्तर देने से पहले ध्यानपूर्वक पढ़ लें ।
10. **कोई रफ कार्य उत्तर-पत्रिका पर नहीं करना है ।**

**Go through instructions given in Page No. 32 (Back Cover Page)**



Latest Sarkari Jobs, Govt Exam Results, Vacancies and updates on one click
Know More

1. ਧੁਨੀ-ਪਰਿਵਰਤਨ ਦਾ ਕਾਰਨ ਹੈ
   (A) ਧੁਨੀ-ਨਿਯਮ
   (B) ਉਚੇਚ
   (C) ਸੁਭਾਵਿਕਤਾ
   (D) ਅਸੁਭਾਵਿਕਤਾ

2. ਟ, ਠ, ਡ, ਢ ਧੁਨੀਆਂ ਹਨ
   (A) ਹੋਠੀ
   (B) ਮੂਰਧਨੀ
   (C) ਦੰਤੀ
   (D) ਕੰਠੀ

3. ਔਕੜ ਅਤੇ ਹੋੜਾ ਕਿਸ ਸ੍ਵਰ ਨਾਲ ਲੱਗਦੇ ਹਨ
   (A) ਅ
   (B) ੳ
   (C) ੲ
   (D) ਤਿੰਨਾਂ ਵਿੱਚੋਂ ਕਿਸੇ ਨਾਲ ਵੀ ਨਹੀਂ

4. ਭਾਸ਼ਾ ਦੀ ਅਰਥਪੂਰਨ ਇਕਾਈ ਹੈ
   (A) ਸ਼ਬਦ
   (B) ਧੁਨੀਗ੍ਰਾਮ
   (C) ਰੂਪਗ੍ਰਾਮ
   (D) ਵਾਕਾਂਸ਼

5. ਕਿਸ ਸ੍ਵਰ ਦੀ ਸ਼ਬਦ ਵਿੱਚ ਮੁਕਤੇ ਦੇ ਰੂਪ ਵਿੱਚ ਵਰਤੋਂ ਹੁੰਦੀ ਹੈ
   (A) ੳ
   (B) ਅ
   (C) ੲ
   (D) ਤਿੰਨਾਂ ਵਿੱਚੋਂ ਕਿਸੇ ਨਾਲ ਵੀ ਨਹੀਂ

6. 'ਉਹ ਸਾਡਾ ਘਰ ਹੈ' ਵਾਕ ਵਿੱਚ 'ਉਹ' ਦਾ ਵਾਕ ਵਿੱਚ ਕੀ ਕਾਰਜ ਹੈ
   (A) ਨਿਸ਼ਚੇਵਾਚਕ ਪੜਨਾਂਵ ਵਾਲਾ
   (B) ਨਿਸ਼ਚੇਵਾਚਕ ਵਿਸ਼ੇਸ਼ਣ ਵਾਲਾ
   (C) ਤੀਸਰਾ ਪੁਰਖ ਪੜਨਾਂਵ ਵਾਲਾ
   (D) ਤਿੰਨਾਂ ਵਿੱਚੋਂ ਕੋਈ ਵੀ ਨਹੀਂ

7. ਭਾਸ਼ਾ ਵਿਗਿਆਨ ਦਾ ਅੰਗ ਹੈ
   (A) ਰੂਪੀਮ
   (B) ਟੀਕਾ
   (C) ਵਾਰਾਂ
   (D) ਆਲੋਚਨਾ

8. ਸੂਚੀ – 1 / ਸੂਚੀ – 2

| ਸੂਚੀ – 1 | ਸੂਚੀ – 2 |
|---|---|
| a) ਧੁਨੀ ਗ੍ਰਾਮ | i) ਚੌਮਸਕੀ |
| b) ੳ ਅ ੲ | ii) ਵਾਕ |
| c) ਵਿਆਕਰਣਕ ਇਕਾਈ | iii) ਸੁਰ ਵਾਹਕ |
| d) ਸਤਹੀ ਬਣਤਰ | iv) ਧੁਨੀ ਵਿਉਂਤ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iv | iii | ii | i |
| (B) | i | iv | iii | ii |
| (C) | ii | iii | i | iv |
| (D) | iii | ii | iv | i |

9. ਗੁਰੂ ਗ੍ਰੰਥ ਸਾਹਿਬ ਵਿੱਚ ਸ਼ੇਖ ਫਰੀਦ ਦੇ ਲਿਖੇ ਹੋਏ ਕਿੰਨੇ ਸ਼ਬਦ ਦਰਜ ਹਨ
   (A) ਤਿੰਨ
   (B) ਚਾਰ
   (C) ਪੰਜ
   (D) ਸੱਤ



Latest Sarkari Jobs, Govt Exam Results, Vacancies and updates on one click
Know More

A

10. 'ਆਰਤੀ' ਸ਼ਬਦ ਕਿਸ ਬਾਣੀ ਵਿੱਚ ਆਉਂਦਾ ਹੈ

(A) ਸੋਹਿਲੇ ਵਿੱਚ

(B) ਵਾਰ ਵਿੱਚ

(C) ਕੀਰਤਨ ਸੋਹਿਲੇ ਵਿੱਚ

(D) ਛੰਤ ਵਿੱਚ

11. 'ਲਿੰਗੁਇਸਟਿਕਸ ਸਰਵੇ ਆਫ਼ ਇੰਡੀਆ' ਪੁਸਤਕ ਕਿਸ ਨੇ ਲਿਖੀ

(A) ਬਨਾਰਸੀਦਾਸ ਜੈਨ ਨੇ

(B) ਗ੍ਰੀਅਰਸਨ ਨੇ

(C) ਸਰ ਰਿਚਰਡ ਟੈਂਪਲ ਨੇ

(D) ਸੁਨੀਤੀ ਕੁਮਾਰ ਚੈਟਰਜੀ ਨੇ

12. 'ਪੱਤਣ ਦੀ ਬੇੜੀ' ਇਕਾਂਗੀ ਕਿਸ ਦੀ ਰਚਨਾ ਹੈ

(A) ਬਲਵੰਤ ਗਾਰਗੀ

(B) ਆਤਮਜੀਤ

(C) ਹਰਸਰਨ ਸਿੰਘ

(D) ਹਰਚਰਨ ਸਿੰਘ

13. ਇੱਕੋ ਹੀ ਕਾਲ ਦੇ ਲੇਖਕ ਹਨ

(A) ਗੋਰਖ, ਦਮੋਦਰ, ਖੁਸਰੋ

(B) ਫਰੀਦ, ਗੋਰਖ, ਅਹਿਮਦਯਾਰ

(C) ਪੁਸ਼ਯ, ਗੋਰਖ, ਵਜੀਦ

(D) ਫਰੀਦ, ਚਰਪਟ, ਖੁਸਰੋ

14. ਇਸਤਰੀ ਨੂੰ 'ਬਾਘਣ' ਕਿਸ ਨਾਥ ਕਵੀ ਨੇ ਕਿਹਾ ਹੈ

(A) ਚਰਪਟ ਨਾਥ

(B) ਗੋਰਖ ਨਾਥ

(C) ਮਛੰਦਰ ਨਾਥ

(D) ਰਤਨ ਨਾਥ

15. 'ਦੰਦ ਚੰਬੇ ਦੀ ਲੜੀ ਕੀ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ' ਕਿਸ ਕਿੱਸਾਕਾਰ ਦੀਆਂ ਤੁਕਾਂ ਹਨ

(A) ਪੀਲੂ

(B) ਦਮੋਦਰ

(C) ਵਾਰਿਸ ਸ਼ਾਹ

(D) ਹਾਸ਼ਮ

16. ਪ੍ਰਿੰਸੀਪਲ ਤੇਜਾ ਸਿੰਘ ਦੀ ਪੰਜਾਬੀ ਗੱਦ ਵਿੱਚ ਸਭ ਤੋਂ ਵੱਡੀ ਦੇਣ ਹੈ

(A) ਚੰਗੀ ਸਾਹਿਤ ਦੀ ਰਿਵੀਊਕਾਰੀ

(B) ਨਿਬੰਧਕਾਰੀ

(C) ਗੁਰਬਾਣੀ ਦੀ ਵਿਆਖਿਆ

(D) ਪੁਰਾਤਨ ਪੰਜਾਬੀ ਸਾਹਿਤ ਦੀ ਵਿਆਖਿਆ

17. ਇਕਾਲਕ ਅਤੇ ਦੁਕਾਲਕ ਦਾ ਸੰਕਲਪ ਕਿਸ ਦਾ ਹੈ

(A) ਦਰੀਦਾ

(B) ਮੀਸ਼ੈਲ ਫੂਕੋ

(C) ਸਾਰਤਰ

(D) ਸੋਸਿਊਰ



Latest Sarkari Jobs, Govt Exam Results, Vacancies and updates on one click

Know More

18. ਸੂਚੀ – 1 ਸੂਚੀ – 2

| ਸੂਚੀ – 1 | | ਸੂਚੀ – 2 | |
|---|---|---|---|
| a) | ਮ, ਨ, ਣ | i) | ਸਘੋਸ਼ ਧੁਨੀਆਂ |
| b) | ਪ, ਫ, ਬ | ii) | ਨਾਸਕੀ ਧੁਨੀਆਂ |
| c) | ਗ, ਘ, ਜ | iii) | ਮਹਾਂਪ੍ਰਾਣ |
| d) | ਠ, ਢ, ਖ | iv) | ਹੋਠੀ ਧੁਨੀਆਂ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iv | iii | i | ii |
| (B) | i | iii | ii | iv |
| (C) | ii | iv | i | iii |
| (D) | iv | i | iii | ii |

19. ਸ਼ਾਹਮੁਖੀ ਦੀ ਡੋਣ ਪੰਜ ਫੁੱਲਾਂ ਰਾਣੀ, ਗੁੰਝੀ ਰਹੇ ਨਾ ਹੀਰ ਹਜ਼ਾਰ ਵਿਚੋਂ, ਲੰਕਾ ਬਾਗ਼ ਦੀ ਪਰੀ ਕਿ ਇੰਦਰਰਾਣੀ, ਹੂਰ ਨਿਕਲੀ ਚੰਦ ਪਰਿਵਾਰ ਵਿੱਚੋਂ। ਇਸ ਕਾਵਿ ਟੁਕੜੀ ਵਿਚ ਕਿਹੜਾ ਰਸ ਹੈ

(A) ਰੌਦਰ ਰਸ

(B) ਸ਼ਿੰਗਾਰ ਰਸ

(C) ਅਦਭੁਤ ਰਸ

(D) ਵੀਭਤਸ ਰਸ

20. ਸਾਲ੍ਹੂ ਦਾ ਸੰਬੰਧ ਕਿਸ ਨਾਲ ਹੈ

(A) ਲੋਕ-ਖੇਡਾਂ ਨਾਲ

(B) ਲੋਕ-ਧੰਦਿਆਂ

(C) ਲੋਕ-ਕਲਾਵਾਂ ਨਾਲ

(D) ਲੋਕ-ਪਹਿਰਾਵੇ ਨਾਲ

21. ਭਾਰਤ-ਆਰਿਆਈ ਭਾਸ਼ਾ ਪਰਿਵਾਰ ਦਾ ਸੰਬੰਧ ਹੈ

(A) ਭਾਰਤ-ਯੂਰਪੀ ਭਾਸ਼ਾ ਪਰਿਵਾਰ ਨਾਲ

(B) ਸਾਮੀ ਭਾਸ਼ਾ ਪਰਿਵਾਰ ਨਾਲ

(C) ਹਾਮੀ ਭਾਸ਼ਾ ਪਰਿਵਾਰ ਨਾਲ

(D) ਇੰਡੋ-ਤਿਬਤਨ ਭਾਸ਼ਾ ਪਰਿਵਾਰ ਨਾਲ

22. ਲਿਪੀ ਹੈ

(A) ਅੱਖਰ ਪ੍ਰਬੰਧ

(B) ਸ਼ਬਦ ਪ੍ਰਬੰਧ

(C) ਧੁਨੀ ਪ੍ਰਬੰਧ

(D) ਵਿਆਕਰਣਕ ਪ੍ਰਬੰਧ

23. ਪੰਜਾਬੀ ਦੇ ਕਿੰਨੇ ਸੁਰ ਵਾਹਕ ਹਨ

(A) ਇੱਕ

(B) ਦੋ

(C) ਤਿੰਨ

(D) ਚਾਰ

24. ਅਰਥ ਪਰਿਵਰਤਨ ਦਾ ਮੁੱਖ ਕਾਰਨ ਹੈ

(A) ਸਮਾਜਕ

(B) ਰਾਜਨੀਤਕ

(C) ਸਭਿਆਚਾਰਕ

(D) ਧਾਰਮਿਕ



Latest Sarkari Jobs, Govt Exam Results, Vacancies and updates on one click
Know More

A

25. ਕਿਹੜਾ ਕ੍ਰਮ ਸਹੀ ਹੈ

(A) ਗੁਰੂ ਅਰਜਨ ਦੇਵ ਜੀ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਹਾਸ਼ਮ

(B) ਗੁਰੂ ਅਰਜਨ ਦੇਵ ਜੀ, ਬੁੱਲ੍ਹੇ ਸ਼ਾਹ, ਹਾਸ਼ਮ, ਵਾਰਿਸ ਸ਼ਾਹ

(C) ਗੁਰੂ ਅਰਜਾਨ ਦੇਵ ਦੀ, ਬੁਲ੍ਹੇ ਸ਼ਾਹ, ਵਾਰਿਸ ਸ਼ਾਹ, ਹਾਸ਼ਮ

(D) ਗੁਰੂ ਅਰਜਨ ਦੇਵ ਜੀ, ਵਾਰਸ ਸ਼ਾਹ, ਹਾਸ਼ਮ, ਬੁਲ੍ਹੇ ਸ਼ਾਹ

26. ਪੰਜਾਬੀ ਸਾਹਿਤ ਦਾ ਮੁੱਢ ਬੱਝਾ

(A) ਅੱਠਵੀਂ-ਨੌਵੀਂ ਸਦੀ ਤੋਂ

(B) ਗਿਆਰਵੀਂ-ਬਾਰਵੀਂ ਸਦੀ ਤੋਂ

(C) ਚੌਧਵੀਂ-ਪੰਦਰਵੀਂ ਸਦੀ ਤੋਂ

(D) ਸਤਾਰਵੀਂ-ਅਠਾਰਵੀਂ ਸਦੀ ਤੋਂ

27. 'ਸਿਮਰਉ ਸਿਮਰਿ ਸਿਮਰਿ ਸੁਖ ਪਾਵੋ' ਦਾ ਕਰਤਾ

(A) ਗੁਰੂ ਅੰਗਦ ਦੇਵ ਜੀ

(B) ਗੁਰੂ ਅਰਜਨ ਦੇਵ ਜੀ

(C) ਗੁਰੂ ਨਾਨਕ ਦੇਵ ਜੀ

(D) ਭਾਈ ਗੁਰਦਾਸ

28. ਕਿਸ ਵਿਦਵਾਨ ਦੇ ਰਾਹੀਂ 'ਕਥਾਰਸਿਸ' ਦਾ ਸਿਧਾਂਤ ਹੋਂਦ ਵਿੱਚ ਆਇਆ

(A) ਸ਼ੇਕਸਪੀਅਰ ਰਾਹੀਂ

(B) ਪਾਣਿਨੀ ਰਾਹੀਂ

(C) ਕਾਲੀਦਾਸ ਰਾਹੀਂ

(D) ਅਰਸਤੂ ਰਾਹੀਂ

29. ਆਦਿ ਗ੍ਰੰਥ ਦੀ ਬਾਣੀ ਕਿੰਨੇ ਰਾਗਾਂ ਵਿਚ ਹੈ

(A) 37

(B) 35

(C) 31

(D) 32

30. ਕਿਹੜੇ ਗੁਰੂ ਸਾਹਿਬ ਨੇ 'ਅਲਾਹੁਣੀਆਂ' ਕਾਵਿ ਰੂਪ ਦੀ ਵਰਤੋਂ ਕੀਤੀ ਹੈ

(A) ਗੁਰੂ ਨਾਨਕ ਦੇਵ ਜੀ ਨੇ

(B) ਗੁਰੂ ਅੰਗਦ ਦੇਵ ਜੀ ਨੇ

(C) ਗੁਰੂ ਰਾਮਦਾਸ ਜੀ ਨੇ

(D) ਗੁਰੂ ਅਰਜਨ ਦੇਵ ਜੀ ਨੇ

31. ਸੂਚੀ – 1 ਸੂਚੀ – 2

| ਸੂਚੀ – 1 | | ਸੂਚੀ – 2 | |
|---|---|---|---|
| a) | ਮੇਲੇ ਤੇ ਮਹਿੰਦੀ | i) | ਅਵਤਾਰ ਸਿੰਘ ਦਲੇਰ |
| b) | ਪੰਜਾਬ ਦੇ ਲੋਕ ਗੀਤ | ii) | ਵਣਜਾਰਾ ਬੇਦੀ |
| c) | ਪੰਜਾਬ ਦੇ ਲੋਕ ਨਾਚ | iii) | ਮਹਿੰਦਰ ਸਿੰਘ ਰੰਧਾਵਾ |
| d) | ਪੰਜਾਬੀ ਲੋਕਧਾਰਾ ਵਿਸ਼ਵਕੋਸ਼ | iv) | ਅੰਮ੍ਰਿਤਾ ਪ੍ਰੀਤਮ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iv | ii | iii | i |
| (B) | i | iv | iii | ii |
| (C) | iv | iii | ii | i |
| (D) | iii | iv | i | ii |



Latest Sarkari Jobs, Govt Exam Results, Vacancies and updates on one click
Know More

32. 'ਧੁਨੀ ਸਿਧਾਂਤ' ਦਾ ਸੰਸਥਾਪਕ ਹੈ

(A) ਕੁੰਤਕ

(B) ਭੱਟ ਲੋਲਟ

(C) ਆਨੰਦ ਵਰਧਨ

(D) ਭਰਤ ਮੁਨੀ

33. 'ਪ੍ਰਯੋਗਵਾਦ' ਦਾ ਉਦੇਸ਼ ਹੈ

(A) ਪ੍ਰਚਲਿਤ ਰੂਪਕਾਰਾਂ ਰਾਹੀਂ ਸਾਹਿਤ ਸਿਰਜਣਾ

(B) ਸ਼ੈਲੀ ਤੇ ਵਸਤੂ ਦੇ ਨਵੇਂ ਪ੍ਰਤੀਮਾਨ ਸਥਾਪਤ ਕਰਨਾ

(C) ਨਵੇਂ ਰੂਪਾਕਾਰ ਪ੍ਰਚਲਿਤ ਕਰਨਾ

(D) ਨਵੇਂ ਸਾਹਿਤਕਾਰਾਂ ਨੂੰ ਪ੍ਰੇਰਣਾ

34. 'ਕਬੀਰ ਸਨਮਾਨ' ਅਤੇ 'ਸਰਸਵਤੀ ਸਨਮਾਨ' ਕਿਸ ਨੂੰ ਮਿਲਿਆ ਹੈ

(A) ਦਵਿੰਦਰ ਸਤਿਆਰਥੀ ਨੂੰ

(B) ਕਰਤਾਰ ਸਿੰਘ ਦੁੱਗਲ ਨੂੰ

(C) ਹਰਿਭਜਨ ਸਿੰਘ ਨੂੰ

(D) ਅੰਮ੍ਰਿਤਾ ਪ੍ਰੀਤਮ ਨੂੰ

35. 'ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨਾ ਕੋਈ' ਇਹ ਕਿਸ ਦੀ ਉਕਤੀ ਹੈ

(A) ਅਹਿਮਦ ਯਾਰ

(B) ਦਮੋਦਰ

(C) ਕਾਦਰਯਾਰ

(D) ਵਾਰਸ

36. 'ਛਪਾਰ ਦਾ ਮੇਲਾ' ਕਿਸ ਇਲਾਕੇ ਨਾਲ ਸੰਬੰਧਿਤ ਹੈ

(A) ਮਾਲਵੇ ਨਾਲ

(B) ਮਾਝੇ ਨਾਲ

(C) ਪੁਆਧ ਨਾਲ

(D) ਦੁਆਬੇ ਨਾਲ

37. ਦੰਤ ਕਥਾ ਵਿੱਚ ਸੁਮੇਲ ਹੁੰਦਾ ਹੈ

(A) ਦੇਵਤਿਆਂ ਤੇ ਮਨੁੱਖਾਂ ਦਾ

(B) ਪਸ਼ੂਆਂ ਤੇ ਪੰਛੀਆਂ ਦਾ

(C) ਇਤਿਹਾਸ ਤੇ ਮਿਥਿਹਾਸ ਦਾ

(D) ਧਰਮ ਅਤੇ ਦਰਸ਼ਨ ਦਾ

38. ਕਿਹੜਾ ਵਿਦਵਾਨ ਲੋਕਧਾਰਾ ਨਾਲ ਸੰਬੰਧਿਤ ਨਹ

(A) ਰਿਚਰਡ ਟੈਂਪਲ

(B) ਬਾਵਾ ਬੁੱਧ ਸਿੰਘ

(C) ਵਿਲਿਅਮ ਕਰੁੱਕ

(D) ਵਿਲਿਅਮ ਸਾਗਿਆਈ

39. ਤੀਆਂ ਦੇ ਤਿਓਹਾਰ ਨੂੰ ਹੋਰ ਕੀ ਆਖਿਆ ਜਾਂਦਾ

(A) ਮਿਲਾਪ ਦਿਵਸ

(B) ਹਰਿਆਵਲ ਦਾ ਤਿਓਹਾਰ

(C) ਪੰਦਰਵਾੜਾ

(D) ਸਾਵਿਆਂ ਦਾ ਤਿਓਹਾਰ

40. 'ਲੋਕ ਆਖਦੇ ਹਨ' ਕ੍ਰਿਤ ਹੈ

(A) ਵਣਜਾਰਾ ਬੇਦੀ ਦੀ

(B) ਸੁਖਦੇਵ ਮਾਧਪੁਰੀ ਦੀ

(C) ਮਨਜੀਤ ਸਿੰਘ ਦੀ

(D) ਜਗਬੀਰ ਸਿੰਘ ਦੀ



Latest Sarkari Jobs, Govt Exam Results, Vacancies and updates on one click
Know More

41. ਲੋਕਧਾਰਾ ਦਾ ਸਿੱਧਾ ਸੰਬੰਧ ਹੈ

(A) ਰਾਜਨੀਤੀ ਨਾਲ

(B) ਇਤਿਹਾਸ ਨਾਲ

(C) ਵਿਗਿਆਨ ਨਾਲ

(D) ਪਰੰਪਰਾ ਨਾਲ

42. ਕਿਹੜਾ ਜੁੱਟ ਸਹੀ ਹੈ

(A) ਮੱਛਲੀ-ਹੱਥਾਂ ਦਾ ਗਹਿਣਾ

(B) ਆਰਸੀ-ਨੱਕ ਦਾ ਗਹਿਣਾ

(C) ਤੋੜੇ-ਪੈਰ ਦਾ ਗਹਿਣਾ

(D) ਨੱਤੀਆਂ-ਗਲ ਦਾ ਗਹਿਣਾ

43. ਕਿਹੜਾ ਕਵੀ ਪ੍ਰਯੋਗਵਾਦੀ ਧਾਰਾ ਨਾਲ ਸੰਬੰਧਿਤ ਹੈ

(A) ਅੰਮ੍ਰਿਤਾ ਪ੍ਰੀਤਮ

(B) ਭਾਈ ਵੀਰ ਸਿੰਘ

(C) ਰਵਿੰਦਰ ਰਵੀ

(D) ਮੋਹਨ ਸਿੰਘ

44. 'ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਪਿਆ ਵਰ੍ਹੇ' ਹੈ

(A) ਘੋੜੀ

(B) ਸੁਹਾਗ

(C) ਛੰਦ

(D) ਸਿੱਠਣੀ

45. a) (ਕਥਨ): ਗੁਰੂ ਨਾਨਕ ਦੇਵ ਜੀ ਵੱਲੋਂ ਰਚਿਤ ਆਸਾ ਦੀ ਵਾਰ ਨੂੰ ਟੁੰਡੇ ਬਹਿਲੀਮੇ ਅਤੇ ਟੁੰਡੇ ਅਸਰਾਜੇ ਦੀ ਧੁਨੀ ਉੱਪਰ ਗਾਉਣ ਦਾ ਆਦੇਸ਼ ਹੈ

b) (ਕਥਨ): ਕਾਵਿ-ਰੂਪਾਂ ਨੂੰ ਗਾਉਣ ਦੇ ਆਦੇਸ਼ ਦਾ ਸੰਬੰਧ ਰਚਨਾ ਦੀ ਪ੍ਰਕਿਰਤੀ ਅਤੇ ਵਿਸ਼ੇ ਪਾਸਾਰ ਨਾਲ ਹੁੰਦਾ ਹੈ

(A) a) ਅੰਸ਼ਿਕ ਸਹੀ ਹੈ b) ਪੂਰਨ ਸਹੀ ਹੈ

(B) a) ਅਤੇ b) ਦੋਵੇਂ ਸਹੀ ਹਨ

(C) a) ਪੂਰਨ ਸਹੀ ਹੈ b) ਅੰਸ਼ਿਕ ਸਹੀ ਹਨ

(D) a) ਅਤੇ b) ਅੰਸ਼ਿਕ ਸਹੀ ਹੈ

46. 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਾ ਬਹਿੰਦੇ' ਕਾਵਿ-ਸਤਰਾਂ ਹਨ

(A) ਨੰਦ ਲਾਲ ਨੂਰਪੁਰੀ ਦੀਆਂ

(B) ਮੋਹਨ ਸਿੰਘ ਦੀਆਂ

(C) ਧਨੀ ਰਾਮ ਚਾਤ੍ਰਿਕ ਦੀਆਂ

(D) ਭਾਈ ਵੀਰ ਸਿੰਘ ਦੀਆਂ

47. ਭਾਸ਼ਾ ਵਿਭਾਗ ਦਾ ਮੁੱਖ ਦਫ਼ਤਰ ਕਿਸ ਸ਼ਹਿਰ ਵਿੱਚ ਹੈ

(A) ਮੋਹਾਲੀ

(B) ਚੰਡੀਗੜ੍ਹ

(C) ਪਟਿਆਲਾ

(D) ਅੰਮ੍ਰਿਤਸਰ



Latest Sarkari Jobs, Govt Exam Results, Vacancies and updates on one click

Know More

48. ਆਧੁਨਿਕ ਮਨੋਵਿਗਿਆਨ ਦਾ ਮੁੱਖ ਚਿੰਤਕ ਹੈ

(A) ਫਰਾਇਡ

(B) ਯੁੰਗ

(C) ਚੋਮਸਕੀ

(D) ਮਾਰਕਸ

49. ਮਰਦਾਂ ਦਾ ਗਿੱਧਾ ਪਾਇਆ ਜਾਂਦਾ ਹੈ

(A) ਦੁਆਬੇ ਵਿੱਚ

(B) ਬਾਂਗਰ ਵਿੱਚ

(C) ਮਾਲਵੇ ਵਿੱਚ

(D) ਝੂੰਮਰ ਵਿੱਚ

50. ਪੰਜਾਬੀ ਕਿੱਸਾ ਕਾਵਿ ਦਾ ਨਾਇਕ ਹੈ

(A) ਆਦਰਸ਼ ਪ੍ਰੇਮੀ

(B) ਮਰਯਾਦਾ ਭੰਜਨ

(C) ਸੂਰਬੀਰ

(D) ਉਪਰੋਕਤ ਸਾਰੇ

51. ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਕਿਹੜੀ ਪੀੜ੍ਹੀ ਦਾ ਕਹਾਣੀਕਾਰ ਹੈ

(A) ਪਹਿਲੀ ਪੀੜ੍ਹੀ ਦਾ

(B) ਦੂਜੀ ਪੀੜ੍ਹੀ ਦਾ

(C) ਤੀਜੀ ਪੀੜ੍ਹੀ ਦਾ

(D) ਚੌਥੀ ਪੀੜ੍ਹੀ ਦਾ

52. ਕਿਸ ਨਾਵਲ ਉੱਪਰ ਪੰਜਾਬੀ ਫਿਲਮ ਬਣੀ

(A) ਚਿੱਟਾ ਲਹੂ-ਨਾਨਕ ਸਿੰਘ

(B) ਤੂਤਾਂ ਵਾਲਾ ਖੂਹ-ਸੋਹਣ ਸਿੰਘ ਸੀਤਲ

(C) ਮੜ੍ਹੀ ਦਾ ਦੀਵਾ-ਗੁਰਦਿਆਲ ਸਿੰਘ

(D) ਲਹਿਰ ਵਧਦੀ ਗਈ-ਕੇਸਰ ਸਿੰਘ

53. ਕਿਹੜੀ ਰਚਨਾ ਸਵੈ-ਜੀਵਨੀ ਹੈ

(A) ਚੋਲਾ ਟਾਕੀਆਂ ਵਾਲਾ-ਹਰਿਭਜਨ ਸਿੰਘ

(B) ਸੁੰਦਰੀ-ਭਾਈ ਵੀਰ ਸਿੰਘ

(C) ਨਾ ਮਾਰੋ-ਅਜੀਤ ਕੌਰ

(D) ਅੱਲ੍ਹਾ ਵਾਲੇ-ਗੁਰਮੁੱਖ ਸਿੰਘ ਮੁਸਾਫਿਰ

54. 'ਕੀਮਾ ਮਲਕੀ' ਹੈ.

(A) ਪਰੀ ਕਥਾ

(B) ਲੋਕ ਗਾਥਾ

(C) ਨੀਤੀ ਕਥਾ

(D) ਦੰਦ ਕਥਾ

55. 'Spirit of the Sikhs' ਪੁਸਤਕ ਦਾ ਕਰਤਾ ਕੌਣ

(A) ਮੋਹਨ ਸਿੰਘ

(B) ਦੀਵਾਨ ਸਿੰਘ ਕਾਲੇਪਾਣੀ

(C) ਅਜੀਤ ਕੌਰ

(D) ਪੂਰਨ ਸਿੰਘ



Latest Sarkari Jobs, Govt Exam Results, Vacancies and updates on one click

Know More

A

56. ਆਧੁਨਿਕ ਪੰਜਾਬੀ ਕਾਵਿ ਵਿੱਚ ਪਹਿਲੀ ਵਾਰੀ ਪੰਜਾਬ ਪਿਆਰ ਨੂੰ ਪ੍ਰਗਟਾਉਣ ਵਾਲਾ ਸ਼ਾਇਰ ਹੈ

(A) ਪ੍ਰੋ. ਪੂਰਨ ਸਿੰਘ

(B) ਧਨੀ ਰਾਮ ਚਾਤ੍ਰਿਕ

(C) ਪ੍ਰੋ. ਮੋਹਨ ਸਿੰਘ

(D) ਅੰਮ੍ਰਿਤਾ ਪ੍ਰੀਤਮ

57. 'ਕਿਸਾਨ ਭਵਨ' ਕਿਸ ਕਿਸਮ ਦਾ ਸਮਾਸੀ ਸ਼ਬਦ ਹੈ

(A) ਨਾਂਵ+ਨਾਂਵ

(B) ਨਾਂਵ+ਵਿਸ਼ੇਸ਼ਣ

(C) ਨਾਂਵ+ਕਿਰਿਆ

(D) ਵਿਸ਼ੇਸ਼ਣ+ਨਾਂਵ

58. 'ਅਜਨਬੀਕਰਨ' ਸੰਕਲਪ ਦਾ ਸੰਬੰਧ ਹੈ

(A) ਨਵ-ਅਮਰੀਕੀ ਅਲੋਚਨਾ ਪ੍ਰਣਾਲੀ ਨਾਲ

(B) ਮਾਰਕਸਵਾਦੀ ਅਲੋਚਨਾ ਪ੍ਰਣਾਲੀ ਨਾਲ

(C) ਚਿੰਨ੍ਹ-ਵਿਗਿਆਨਕ ਅਲੋਚਨਾ ਪ੍ਰਣਾਲੀ ਨਾਲ

(D) ਰੂਸੀ-ਰੂਪਵਾਦੀ ਪ੍ਰਣਾਲੀ ਨਾਲ

59. ਪੰਜਾਬੀ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ

(A) ਪਰੰਪਰਾਵਾਂ 'ਤੇ ਆਧਾਰਿਤ

(B) ਯਥਾਰਥਕਤਾ ਦੇ ਨੇੜੇ

(C) ਲੋਕ ਮਾਨਸਿਕਤਾ ਨਾਲ ਜੁੜਨਾ

(D) ਚੰਗੀ ਸ਼ੈਲੀ ਦੀ ਵਰਤੋਂ

60. ਕਿਸੇ ਰਚਨਾ ਦਾ ਪੂਰਾ ਹੁੰਦਾ ਹੈ

(A) ਸਾਹਿਤ ਸਮੀਖਿਆ

(B) ਸਾਹਿਤ ਖੋਜ

(C) ਸਾਹਿਤ ਸਿਰਜਣਾ

(D) ਸਾਹਿਤਕ ਤੱਥ

**ਨਿਰਦੇਸ਼ (61-65)** ਹੇਠ ਲਿਖੇ ਪੈਰ੍ਹੇ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਓ।

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। 'ਘਰ' ਤੋਂ ਭਾਵ ਉਹ ਥਾਂ ਜਿੱਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਚਪਨ ਵਿੱਚ ਮਾਂ, ਭੈਣ ਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਤਾੜ ਕੇ ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿੱਥੇ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਸੀ। ਉਸ ਦਾ ਆਚਰਣ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਨਹੀਂ ਕਰਦਾ ਹੈ, ਉੱਥੇ ਘਰ ਦੀ ਚਾਰ ਦੀਵਾਰੀ ਅਤੇ ਉਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ, ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ। ਉਹੋ ਉਸਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਪੂ ਸੁਭਾ ਵਾਲਾ ਵੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।

61. ਘਰ ਤੋਂ ਲੇਖਕ ਦਾ ਭਾਵ ਹੈ

(A) ਉਹ ਥਾਂ ਜਿੱਥੇ ਮਨੁੱਖ ਨੂੰ ਪੂਰਨ ਸਕੂਨ ਮਿਲਦਾ ਹੈ।

(B) ਉਹ ਥਾਂ ਜਿੱਥੇ ਉਹ ਆਪਣੇ ਸੁੱਖ-ਦੁੱਖ ਸਾਂਝੇ ਕਰ ਸਕਦਾ ਹੈ।

(C) ਉਹ ਥਾਂ ਜਿੱਥੇ ਉਹ ਆਪਣਾ ਬਚਪਨ, ਜਵਾਨੀ ਤੇ ਬੁਢਾਪਾ ਆਪਣੇ ਘਰਦਿਆਂ ਨਾਲ ਰਹਿ ਕੇ ਅਨੰਦਮਈ ਢੰਗ ਨਾਲ ਬਤੀਤ ਕਰਦਾ ਹੈ।

(D) ਉਪਰੋਕਤ ਸਾਰੇ



Latest Sarkari Jobs, Govt Exam Results, Vacancies and updates on one click

Know More

62. ਮਨੁੱਖ ਦਾ ਆਚਰਣ ਬਣਾਉਣ ਵਿੱਚ ਸਭ ਤੋਂ ਵਧੇਰ ਭੂਮਿਕਾ ਰਹਿੰਦੀ ਹੈ
(A) ਆਲੇ ਦੁਆਲੇ ਦੇ ਸਮਾਜ ਦੀ
(B) ਰਾਜਨੀਤਿਕ ਤੱਤਾਂ ਦੀ
(C) ਘਰ ਦੇ ਅੰਦਰਲੇ ਵਾਤਾਵਰਣ ਦੀ
(D) ਇਨ੍ਹਾਂ ਵਿੱਚੋਂ ਕੋਈ ਨਹੀਂ

63. ਪੈਰ੍ਹੇ ਵਿੱਚ ਦਿੱਤੇ 'ਸ਼ਖਸੀ' ਦਾ ਅਰਥ ਹੈ
(A) ਸ਼ਖਸ
(B) ਸ਼ਾਸਕ
(C) ਰਾਜ ਘਰਾਣੇ ਨਾਲ ਸੰਬੰਧਿਤ
(D) ਵਿਅਕਤੀਗਤ

64. a) (ਕਥਨ): ਘਰ ਉਹ ਥਾਂ ਹੈ ਜਿੱਥੇ ਮਨੁੱਖ ਦਾ ਜ਼ਿੰਦਗੀ ਦੇ ਹਰ ਕਿਸਮ ਦੇ ਕਾਰ-ਵਿਹਾਰ ਤੋਂ ਥੱਕ-ਟੁੱਟ ਕੇ ਮੁੜ ਆਉਣ ਨੂੰ ਜੀ ਕਰਦਾ ਹੈ।
b) (ਕਥਨ): ਇਹ ਮਨੁੱਖ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ ਪਰ ਸਮਾਜ ਉਸਦੀ ਸ਼ਖਸੀਅਤ ਸੁਧਾਰਨ ਵਿੱਚ ਘਰ ਨਾਲੋਂ ਅਹਿਮ ਭੂਮਿਕਾ ਅਦਾ ਕਰਦਾ।
(A) a) ਅਤੇ b) ਸਹੀ ਹੈ
(B) a) ਅਤੇ b) ਅੰਸ਼ਿਕ ਸਹੀ ਹਨ
(C) a) ਸਹੀ ਹੈ b) ਅੰਸ਼ਿਕ ਸਹੀ ਹਨ
(D) a) ਅਤੇ b) ਗਲਤ ਹਨ

65. ਇਸ ਪੈਰ੍ਹੇ ਦਾ ਸਿਰਲੇਖ ਹੈ
(A) ਘਰ
(B) ਘਰ ਦਾ ਪਿਆਰ
(C) ਘਰ ਨਾਲ ਮਨੁੱਖ ਦੀ ਸਾਂਝ
(D) ਮਨੁੱਖ ਦਾ ਘਰ ਲਈ ਸਤਿਕਾਰ

66. 'ਲਾਂਗ' ਭਾਸ਼ਾ ਦਾ ਕਿਹੜਾ ਰੂਪ ਹੈ
(A) ਵਿਅਕਤੀਗਤ
(B) ਸਮੂਹਿਕ
(C) ਸੱਭਿਆਚਾਰਕ
(D) ਸਵੈ-ਇੱਛਿਤ

67. ਕਿਹੜਾ ਜੁੱਟ ਸਹੀ ਨਹੀਂ ਹੈ
(A) ਰਾਮ ਸਰੂਪ ਅਣਖੀ-ਕਹਾਣੀਕਾਰ
(B) ਗੁਰਦਿਆਲ ਸਿੰਘ-ਨਾਵਲਕਾਰ
(C) ਹਰਿਭਜਨ ਸਿੰਘ ਕੋਮਲ-ਕਵੀ
(D) ਲਾਲ ਸਿੰਘ ਕਮਲਾ ਅਕਾਲੀ-ਨਾਟਕਕਾਰ

68. ਕਾਦਰਯਾਰ ਦਾ ਕਿੱਸਾ 'ਸੋਹਣੀ ਮਹੀਂਵਾਲ' ਹੋਇਆ
(A) 18ਵੀਂ ਸਦੀ ਦੇ ਪਹਿਲੇ ਅੱਧ ਵਿੱਚ
(B) 18ਵੀਂ ਸਦੀ ਦੇ ਦੂਜੇ ਅੱਧ ਵਿੱਚ
(C) 19ਵੀਂ ਸਦੀ ਦੇ ਪਹਿਲੇ ਅੱਧ ਵਿੱਚ
(D) 19ਵੀਂ ਸਦੀ ਦੇ ਦੂਜੇ ਅੱਧ ਵਿੱਚ

69. ਪੰਜਾਬੀ ਸਾਹਿਤਕਾਰਾਂ ਵਿੱਚੋਂ 'ਗਿਆਨਪੀਠ ਪੁਰਸ ਕਿਸ ਨੂੰ ਮਿਲਿਆ
(A) ਗੁਰਦਿਆਲ ਸਿੰਘ
(B) ਹਰਿਭਜਨ ਸਿੰਘ
(C) ਭਾਈ ਵੀਰ ਸਿੰਘ
(D) ਮੋਹਨ ਸਿੰਘ



Latest Sarkari Jobs, Govt Exam Results, Vacancies and updates on one click
Know More

70. ਦ੍ਰਾਵਿੜ ਭਾਸ਼ਾ ਪਰਿਵਾਰ ਦੀਆਂ ਭਾਸ਼ਾਵਾਂ ਭਾਰਤ ਦੇ ਕਿਸ ਭਾਗ ਵਿੱਚ ਬੋਲੀਆਂ ਜਾਂਦੀਆਂ ਹਨ

(A) ਉੱਤਰੀ ਭਾਰਤ ਵਿੱਚ

(B) ਦੱਖਣੀ ਭਾਰਤ ਵਿੱਚ

(C) ਪੂਰਬੀ ਭਾਰਤ ਵਿੱਚ

(D) ਪੱਛਮੀ ਭਾਰਤ ਵਿੱਚ

71.

| ਸੂਚੀ – 1 | ਸੂਚੀ – 2 |
|---|---|
| a) ਗੁਰੂ ਸਾਹਿਬਾਨ ਦੀ ਸੰਖਿਆ | i) 31 |
| b) ਭਗਤਾਂ ਦੀ ਸੰਖਿਆ | ii) 6 |
| c) ਭੱਟਾਂ ਦੀ ਸੰਖਿਆ | iii) 15 |
| d) ਰਾਗਾਂ ਦੀ ਸੰਖਿਆ | iv) 11 |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | ii | iii | iv | i |
| (B) | ii | iv | i | iii |
| (C) | i | iii | iv | ii |
| (D) | i | ii | iii | iv |

72. ਕਿਹੜੀ ਜਮਨਸਾਖੀ ਸਭ ਤੋਂ ਪੁਰਾਣੀ ਹੈ

(A) ਆਦਿ ਸਾਖੀਆਂ

(B) ਪੁਰਾਤਨ ਜਨਮਸਾਖੀ

(C) ਬਾਲੇ ਵਾਲੀ ਜਨਮਸਾਖੀ

(D) ਮਿਹਰਬਾਨ ਵਾਲੀ ਜਨਮਸਾਖੀ

73. 'ਬਾਪੂ ਤੇਰੇ ਕੁੜਮਾਂ ਨੇ, ਗੋਰੇ ਰੰਗ ਦੀ ਕਦਰ ਨਾ ਜਾਣੀ' ਵਿੱਚ ਬਿਆਨ ਹੈ

(A) ਪਿਉ-ਧੀ ਦੇ ਪਿਆਰ ਦਾ

(B) ਸਹੁਰੇ ਨਾਲ ਉਲਾਂਭੇ ਦਾ

(C) ਧੀ ਦੇ ਉਲਾਂਭੇ ਦਾ

(D) ਵਰ ਦੀ ਗ਼ਲਤ ਚੋਣ ਦਾ

74. 'ਸੱਸੀ-ਪੁੰਨੂੰ' ਦੇ ਕਿੱਸੇ ਦਾ ਸੰਬੰਧ ਕਿਸ ਸੱਭਿਆਚਾਰਕ ਪਿਛੋਕੜ ਨਾਲ ਹੈ

(A) ਇਸਲਾਮੀ

(B) ਭਾਰਤੀ

(C) ਯੂਨਾਨੀ

(D) ਪੰਜਾਬੀ

75. ਪੰਜਾਬੀ ਵਿੱਚ ਪਹਿਲੀ ਬੀਰ ਰਸੀ ਵਾਰ ਹੈ

(A) ਚੱਠਿਆਂ ਦੀ ਵਾਰ

(B) ਨਾਦਰਸ਼ਾਹ ਦੀ ਵਾਰ

(C) ਚੰਡੀ ਦੀ ਵਾਰ

(D) ਹਰੀ ਸਿੰਘ ਨਲੂਏ ਦੀ ਵਾਰ

76. ਸੁਲਤਾਨ ਬਾਹੂ ਨੇ ਰਚਨਾ ਕੀਤੀ

(A) ਸੀਹਰਫ਼ੀਆਂ ਵਿੱਚ

(B) ਸਲੋਕਾਂ ਵਿੱਚ

(C) ਕਾਫ਼ੀਆਂ ਵਿੱਚ

(D) ਇਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਨਹੀਂ

77. ਪੰਜਾਬੀ ਦਾ ਪ੍ਰਸਿੱਧ ਇਤਿਹਾਸਕ ਨਾਟਕ ਹੈ

(A) ਧੂਣੀ ਦੀ ਅੱਗ – ਬਲਵੰਤ ਗਾਰਗੀ

(B) ਮਾਨਸ ਕੀ ਏਕ ਜਾਤ – ਕਪੂਰ ਸਿੰਘ ਘੁੰਮਣ

(C) ਕਿੰਗ ਮਿਰਜ਼ਾ ਤੇ ਸਪੇਰਾ – ਸੁਰਜੀਤ ਸਿੰਘ ਸੇਠੀ

(D) ਮੋਇਆਂ ਸਾਰ ਨਾ ਕਾਈ – ਸੰਤ ਸਿੰਘ ਸੇਖੋਂ



Latest Sarkari Jobs, Govt Exam Results, Vacancies and updates on one click

Know More

78. ਛੋਟੀਆਂ ਕਵਿਤਾਵਾਂ ਦੀ ਵੰਡ ਕਵੀ ਕਿਸ ਨੂੰ ਕਿਹਾ ਜਾਂਦਾ ਹੈ

(A) ਭਾਈ ਵੀਰ ਸਿੰਘ ਨੂੰ

(B) ਪ੍ਰੋ ਮੋਹਨ ਸਿੰਘ ਨੂ

(C) ਧਨੀ ਰਾਮ ਚਾਤ੍ਰਿਕ ਨੂੰ

(D) ਪਾਸ਼ ਨੂੰ

79. a) (ਕਥਨ): ਚਿੰਨ੍ਹ-ਵਿਗਿਆਨ ਵਿੱਚ ਚਿਹਨਕ ਅਤੇ ਚਿਹਨਤ ਦਾ ਰਿਸ਼ਤਾ ਆਪ-ਹੁਦਰਾ ਹੁੰਦਾ ਹੈ, ਜੋ ਅੱਗੋਂ ਭਾਸ਼ਾ ਦੀ ਪ੍ਰਕਿਰਤੀ ਨੂੰ ਨਿਰਧਾਰਿਤ ਕਰਦਾ ਹੈ।

b) (ਕਥਨ): ਚਿੰਨ੍ਹ ਵਸਤੂ ਅਤੇ ਨਾਮ ਦਾ ਮੇਲ ਨਹੀਂ ਸਗੋਂ ਇਕ ਸੰਕਲਪ ਅਤੇ ਉਸਦੇ ਆਵਾਜ਼ ਬਿੰਬ ਦਾ ਮੇਲ ਹੈ ਅਤੇ ਇਹੀ ਮੇਲ ਭਾਸ਼ਾਈ ਚਿੰਨ੍ਹ ਹੈ।

(A) a) ਅੰਸ਼ਿਕ ਸਹੀ ਹੈ b) ਸਹੀ ਹੈ

(B) a) ਅਤੇ b) ਅੰਸ਼ਿਕ ਸਹੀ ਹਨ

(C) a) ਅਤੇ b) ਸਹੀ ਹਨ

(D) a) ਸਹੀ ਹੈ b) ਅੰਸ਼ਿਕ ਸਹੀ ਹੈ

80. ਬਾਰਾਮਾਹ ਰੂਪ ਦੀ ਸ਼ੁਰੂਆਤ ਕਿਸ ਮਹੀਨੇ ਤੋਂ ਹੁੰਦੀ ਹੈ

(A) ਫੱਗਣ

(B) ਕੱਤਕ

(C) ਵਿਸਾਖ

(D) ਇਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਨਹੀ

81. ਸਾਹਿਤ ਇਤਿਹਾਸ ਲੇਖਣ ਦਾ ਮੁੱਖ ਸਰੋਕਾਰ ਹੈ

(A) ਸਾਹਿਤ ਤੇ ਸਰੋਤਾਂ ਦੀ ਨਿਸ਼ਾਨਦੇਹੀ

(B) ਸਾਹਿਤ-ਇਤਿਹਾਸਕ ਤੱਥਾਂ ਦੀ ਨਿਸ਼ਾਨਦੇ

(C) ਸਾਹਿਤਕ ਪਾਠਾਂ ਦੀ ਕਾਲ-ਕ੍ਰਮਕਤਾ ਦੀ ਨਿਸ਼

(D) ਦੁਰਲੱਭ ਸਾਹਿਤਕ ਲਿਖਤਾਂ ਦੀ ਨਿਸ਼ਾਨਦੇ

82. 'ਫੋਕਲੋਰ' ਲਈ ਪੰਜਾਬੀ ਵਿੱਚ 'ਲੋਕਧਾਰਾ' ਸ਼ਬਦ ਵਧੇਰੇ ਮਕਬੂਲ ਕਰਨ ਦਾ ਸਿਹਰਾ ਜਾਂਦਾ ਹੈ

(A) ਵਣਜਾਰਾ ਬੇਦੀ ਨੂੰ

(B) ਮਹਿੰਦਰ ਸਿੰਘ ਰੰਧਾਵਾ ਨੂੰ

(C) ਕਰਨੈਲ ਸਿੰਘ ਥਿੰਦ ਨੂੰ

(D) ਸੁਖਦੇਵ ਮਾਧਪੁਰੀ ਨੂੰ

83. ਹੇਠ ਲਿਖਿਆਂ ਵਿੱਚੋਂ ਕਿਹੜੀ ਜੁੱਟ ਸਹੀ ਨਹੀਂ ਹੈ

(A) ਲੰਮੀ ਬੋਲੀ ਤੇ ਲੋਰੀਆਂ - ਲੋਕ ਗੀਤ

(B) ਸਾਂਗ ਨਾਟਕ ਤੇ ਨਕਲਾਂ – ਲੋਕ ਨਾਟ

(C) ਸਫ਼ਨਾਮਾ ਤੇ ਜੀਵਨੀਆਂ – ਲੋਕ ਸਾਹਿਤ

(D) ਦੋਹੜਾ ਤੇ ਬਾਰਾਮਾਹ – ਬੱਝਵੇਂ ਲੋਕ ਕਾ

84. 'ਰਾਣੀ ਸੁੰਦਰਾਂ' ਦਾ ਸੰਬੰਧ ਕਿਸ ਕਿੱਸੇ ਨਾਲ ਹੈ

(A) ਹੀਰ ਰਾਂਝਾ ਨਾਲ

(B) ਸੋਹਣੀ ਮਹੀਂਵਾਲ ਨਾਲ

(C) ਮਿਰਜ਼ਾ ਸਾਹਿਬਾਂ ਨਾਲ

(D) ਪੂਰਨ ਭਗਤ ਨਾਲ



Latest Sarkari Jobs, Govt Exam Results, Vacancies and updates on one click

Know More

85. 'ਬਚਿੱਤਰ ਨਾਟਕ' ਅਨੁਸਾਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਕਿਸ ਲਈ ਹੋਈ

(A) ਮੁਗ਼ਲਾਂ ਤੇ ਸਿੱਖਾਂ ਦੀ ਦੁਸ਼ਮਣੀ ਕਰਕੇ

(B) ਔਰੰਗਜ਼ੇਬ ਦੀ ਵਿਰੋਧਤਾ ਕਰਕੇ

(C) ਹਿੰਦੂ ਧਰਮ ਦੀ(ਤਿਲਕ ਅਤੇ ਜੰਞੂ ਦੀ)ਰੱਖਿਆ ਕਰਕੇ

(D) ਸਿੱਖ ਧਰਮ ਨੂੰ ਬਚਾਉਣ ਲਈ

86. 'ਕਥਾ ਕਹੋ ਉਰਵਸ਼ੀ' ਨਾਵਲ ਦੀ ਲੇਖਿਕਾ ਕੌਣ ਹੈ

(A) ਅੰਮ੍ਰਿਤਾ ਪ੍ਰੀਤਮ

(B) ਪ੍ਰਭਜੋਤ ਕੌਰ

(C) ਦਲੀਪ ਕੌਰ ਟਿਵਾਣਾ

(D) ਅਜੀਤ ਕੌਰ

87. ਸਾਹਿਤਕ ਖੋਜ ਦਾ ਪ੍ਰਯੋਜਨ ਹੈ

(A) ਨਵੇਂ ਤੱਥਾਂ ਦੀ ਖੋਜ

(B) ਪ੍ਰਾਪਤ ਤੱਥਾਂ ਦੀ ਨਵ-ਵਿਆਖਿਆ

(C) ਖੋਜ-ਸਮੱਗਰੀ ਦੀ ਭਾਲ

(D) ਉਪਰੋਕਤ ਸਾਰੇ ਹੀ

88. 'ਭੱਠ ਰੰਨਾਂ ਦੀ ਦੋਸਤੀ, ਖੁਰੀ ਜਿੰਨ੍ਹਾਂ ਦੀ ਮੱਤ' ਕਿਸ ਕਿੱਸਾਕਾਰ ਦੀ ਪੰਕਤੀ ਹੈ

(A) ਪੀਲੂ

(B) ਦਮੋਦਰ

(C) ਮੁਕਬਲ

(D) ਵਾਰਿਸ

89. 'ਭੈਰੋ ਦੇਵੇਤੇ' ਦਾ ਵਾਹਨ ਹੈ

(A) ਗਧਾ

(B) ਬੈਲ

(C) ਉੱਲੂ

(D) ਕਾਲਾ ਕੁੱਤਾ

90. ਧਨੀ ਰਾਮ ਚਾਤ੍ਰਿਕ ਨੇ ਕਿਸ ਪੱਖ ਉੱਤੇ ਆਪਣੀ ਕਵਿਤਾ ਦੀ ਰਚਨਾ ਨਹੀਂ ਕੀਤੀ

(A) ਕੁਦਰਤ ਚਿਤ੍ਰਣ

(B) ਕਿਸਾਨੀ ਜੀਵਨ

(C) ਗੁਲਾਮੀ ਵਿਰੁੱਧ ਘਿਰਣਾ

(D) ਰੁਮਾਂਸ

91. 'ਖਾਨਾਬਦੋਸ਼' ਸ੍ਵੈ-ਜੀਵਨੀ ਹੈ

(A) ਅਜੀਤ ਕੌਰ ਦੀ

(B) ਅੰਮ੍ਰਿਤਾ ਪ੍ਰੀਤਮ ਦੀ

(C) ਪ੍ਰਭਜੋਤ ਕੌਰ ਦੀ

(D) ਹਰਜੀਤ ਕੌਰ ਦੀ

92. 'ਪ੍ਰੇਮੀ ਦੇ ਨਿਆਣੇ' ਕੀ ਹੈ

(A) ਕਹਾਣੀ

(B) ਨਾਵਲ

(C) ਕਵਿਤਾ

(D) ਲੇਖ



Prepp

Latest Sarkari Jobs, Govt Exam Results, Vacancies and updates on one click

Know More

93. ਮੋਹਨ ਸਿੰਘ ਭੰਡਾਰੀ ਦੇ ਕਿਸ ਕਹਾਣੀ ਸੰਗ੍ਰਿਹ ਨੂੰ 'ਭਾਰਤ ਸਾਹਿਤ ਅਕਾਦਮੀ ਅਵਾਰਡ' ਮਿਲਿਆ

(A) ਕਾਠ ਦੀ ਲੱਤ

(B) ਮੂਨ ਦੀ ਅੱਖ

(C) ਤਿਲਚੌਲੀ

(D) ਪਛਾਣ

94. 'ਵਹੁਟੀ' ਸ਼ਬਦ ਵਿੱਚ 'ਹ' ਦਾ ਉਚਾਰਣ ਹੈ

(A) 'ਨਾਦ ਯੰਤਰੀ ਰਗੜਵਾਂ ਹੈ

(B) ਉੱਚੀ ਸੁਰ ਨੂੰ ਅੰਕਿਤ ਕਰਦਾ ਹੈ

(C) ਨੀਵੀਂ ਸੁਰ ਨੂੰ ਅੰਕਿਤ ਕਰਦਾ ਹੈ

(D) ਸੰਘੀ ਡਕਵਾਂ ਵਿਅੰਜਨ ਹੈ

95. 'ਖਾਲੀ ਪਲ੍ਹਾਂ ਦੀ ਸਾਂਝ' ਕਿਸ ਪਰਵਾਸੀ ਲੇਖਕ ਦੀ ਕਹਾਣੀ ਹੈ

(A) ਸਵਰਨ ਚੰਦਨ

(B) ਰਵਿੰਦਰ ਰਵੀ

(C) ਦਰਸ਼ਨ ਸਿੰਘ ਧੀਰ

(D) ਸ਼ਿਵਚਰਨ ਗਿੱਲ

96. 'ਅਸ਼ਟਾਧਿਆਈ ਗ੍ਰੰਥ' ਦਾ ਰਚੇਤਾ ਹੈ

(A) ਵਿਲੀਅਮ ਕੇਰੀ

(B) ਪਾਣਿਨੀ

(C) ਭਰਥਰੀ ਹਰੀ

(D) ਉਪਰੋਕਤ ਵਿੱਚੋਂ ਕੋਈ ਨਹੀਂ

97. 'ਸੰਰਚਨਾਵਾਦੀ ਪ੍ਰਣਾਲੀ' ਵਿੱਚ ਵਧੇਰੇ ਬਲ ਦਿੱਤਾ ਹੈ

(A) ਰੂਪ ਵਿਗਿਆਨ ਉੱਤੇ

(B) ਥੀਮ ਵਿਗਿਆਨ ਉੱਤੇ

(C) ਸਾਹਿਤ ਵਿਗਿਆਨ ਉੱਤੇ

(D) ਸ਼ੈਲੀ ਵਿਗਿਆਨ ਉੱਤੇ

98. ਇਨ੍ਹਾਂ ਵਿੱਚੋਂ ਨਿਰੋਲ ਕਹਾਣੀਕਾਰ ਹੈ

(A) ਸੰਤ ਸਿੰਘ ਸੇਖੋਂ

(B) ਸੁਰਜੀਤ ਸਿੰਘ ਸੇਠੀ

(C) ਕੁਲਵੰਤ ਸਿੰਘ ਵਿਰਕ

(D) ਗੁਰਚਰਨ ਸਿੰਘ

99. ਇਨ੍ਹਾਂ ਵਿੱਚੋਂ ਕਿਹੜੀ ਰਚਨਾ ਗੁਰਬਖਸ਼ ਸਿੰਘ ਪ੍ਰੀਤ ਦਾ ਨਹੀਂ ਹੈ

(A) ਭਾਬੀ ਮੈਨਾ

(B) ਵੀਣਾ ਵਿਨੋਦ

(C) ਨਾਗ ਪ੍ਰੀਤ ਦਾ ਜਾਦੂ

(D) ਕੁੰਗਪੋਸ਼

100.

| ਸੂਚੀ – 1 | ਸੂਚੀ – 2 |
|---|---|
| a) ਭਾਈ ਵੀਰ ਸਿੰਘ | i) ਰੁਮਾਂਸਵਾਦੀ-ਪ੍ਰਕ ਕਵੀ |
| b) ਮੋਹਨ ਸਿੰਘ | ii) ਜੁਝਾਰਵਾਦੀ ਕਵੀ |
| c) ਅਜਾਇਬ ਹੁੰਦਲ | iii) ਰਹੱਸਵਾਦੀ ਕਵੀ |
| d) ਡਾ. ਜਗਤਾਰ | iv) ਪ੍ਰਯੋਗਸ਼ੀਲ ਤੇ ਅਸਤਿਤ੍ਵਵਾਦੀ ਕ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iii | ii | iv | i |
| (B) | ii | iii | i | iv |
| (C) | iii | i | iv | ii |
| (D) | iv | ii | i | iii |



Latest Sarkari Jobs, Govt Exam Results, Vacancies and updates on one click

Know More

101. ਆਧੁਨਿਕ ਨਾਟਕ ਦਾ ਪਿਤਾਮਾ ਕਿਸ ਨਾਟਕਕਾਰ ਨੂੰ ਕਿਹਾ ਜਾਂਦਾ ਹੈ

(A) ਆਈ. ਸੀ. ਨੰਦਾ ਨੂੰ

(B) ਅਜਮੇਰ ਔਲਖ ਨੂੰ

(C) ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ

(D) ਬਲਵੰਤ ਗਾਰਗੀ ਨੂੰ

102. 'ਅਸਤਿਤ੍ਵਵਾਦ' ਸਭ ਤੋਂ ਵਧੇਰੇ ਪ੍ਰਸਿੱਧ ਚਿੰਤਕ ਹੈ

(A) ਫਰਾਇਡ

(B) ਯਾਂ ਪਾਲ ਸਾਰਤਰ

(C) ਵਿਕਟਰ ਟਰਨਰ

(D) ਐਮਰਸਨ

103. ਕਿਹੜੀ ਰਚਨਾ ਵਿੱਚ ਸੂਫੀ ਵਿਚਾਰਧਾਰਾ ਦੇ ਲੱਛਣ ਪ੍ਰਾਪਤ ਹਨ

(A) ਜੰਗ ਸਿੰਘਾਂ ਤੇ ਅੰਗਰੇਜ਼ਾਂ

(B) ਵਾਰ ਨਾਦਰਸ਼ਾਹ

(C) ਹੀਰ ਵਾਰਸ ਸ਼ਾਹ

(D) ਮਿਰਜ਼ਾ ਸਾਹਿਬਾਂ(ਪੀਲੂ)

104. 'ਪੱਤਣ ਦੀ ਬਾਤੀ' ਇਕਾਂਗੀ ਦਾ ਮੁੱਖ ਥੀਮ ਹੈ

(A) ਉਤੇਜਿਤ ਪ੍ਰੇਮ-ਭਾਵਨਾਵਾਂ

(B) ਔਰਤ ਦੀਆਂ ਦਮਿਤ ਭਾਵਨਾਵਾਂ

(C) ਪ੍ਰੇਮ ਸੰਬੰਧਾਂ ਦਾ ਤ੍ਰਿਕੋਣ

(D) ਵਿਚਲਿਤ ਕਾਮ-ਭਾਵਨਾਵਾਂ

105. 'ਏ ਰੈਫਰੈਂਸ ਗਰਾਮਰ ਆਫ਼ ਪੰਜਾਬੀ' ਦਾ ਕਰਤਾ ਹੈ

(A) ਹਰਜੀਤ ਸਿੰਘ ਗਿੱਲ

(B) ਪ੍ਰੇਮ ਪ੍ਰਕਾਸ਼ ਸਿੰਘ

(C) ਬਲਬੀਰ ਸਿੰਘ ਸੰਧੂ

(D) ਬੂਟਾ ਸਿੰਘ ਬਰਾੜ

106. a) (ਕਥਨ): ਨਾਵਲ ਅਤੇ ਆਧੁਨਿਕ ਨਿੱਕੀ ਕਹਾਣੀ ਦੋਵੇਂ ਗਲਪ ਰੂਪ ਇਹਲੌਕਿਕ ਜੀਵਨ ਦੀ ਵਿਸਤ੍ਰਿਕਤਾ ਦੇ ਚਿਤਰਣ ਨਾਲ ਸੰਬੰਧਿਤ ਹੁੰਦੇ ਹਨ । ਨਾਵਲ ਕਟਾਖਸ਼ਮਈ ਵਿਧੀ ਅਪਨਾਉਂਦੇ ਹੋਏ ਰੋਮਾਂਸ ਦੇ ਅਧਾਰਾਂ ਪ੍ਰਤੀ ਸੰਦੇਹ ਪੈਦਾ ਕਰਕੇ ਪਾਠਕ ਨੂੰ ਯਥਾਰਥ ਵੱਲ ਮੋੜਦਾ ਹੈ।

b) (ਕਥਨ): ਮਾਨਵੀ ਸਥਿਤੀ ਨਾਲ ਜੁੜੇ ਹੋਣ ਕਰਕੇ ਨਾਵਲ ਦਾਰਸ਼ਨਿਕ ਕਥਾਵਾਂ ਜਿੰਨਾਂ ਵਿਚ ਵਿਚਾਰਾਂ ਦੀ ਪ੍ਰਧਾਨਤਾ ਹੁੰਦੀ ਹੈ, ਨਾਲ ਬਹੁਤ ਹੱਦ ਤੱਕ ਸਮਾਨਤਾ ਰੱਖਦੇ ਹਨ।

(A) a) ਅਤੇ b) ਅੰਸ਼ਿਕ ਸਹੀ ਹਨ

(B) a) ਅਤੇ b) ਪੂਰਨ ਸਹੀ ਹਨ

(C) a) ਪੂਰਨ ਸਹੀ ਹੈ b) ਅੰਸ਼ਿਕ ਸਹੀ ਹੈ

(D) a) ਪੂਰਨ ਸਹੀ ਹੈ b) ਗ਼ਲਤ ਹੈ

107. ਇਨ੍ਹਾਂ ਵਿੱਚੋਂ ਕਿਹੜਾ ਲੋਕ ਕਾਵਿ ਰੂਪ ਨਹੀਂ ਹੈ

(A) ਢੋਲਾ

(B) ਮਾਹੀਆ

(C) ਕਿੱਸਾ

(D) ਸੀਹਰਫ਼ੀ



Latest Sarkari Jobs, Govt Exam Results, Vacancies and updates on one click

Know More

108. ਸੂਚੀ – 1 ਸੂਚੀ – 2

| ਸੂਚੀ – 1 | ਸੂਚੀ – 2 |
|---|---|
| a) ਜਸਵੰਤ ਸਿੰਘ ਕੰਵਲ | i) ਤੌਸ਼ਾਲੀ ਦੀ ਹੰਸੋ |
| b) ਕਰਨਲ ਨਰਿੰਦਰ ਪਾਲ ਸਿੰਘ | ii) ਬਾ-ਮੁਲਾਹਜ਼ਾ ਹੋਸ਼ਿਆਰ |
| c) ਨਾਨਕ ਸਿੰਘ | iii) ਇਕ ਮਿਆਨ ਦੋ ਤਲਵਾਰਾਂ |
| d) ਨਰਿੰਜਨ ਤਸਨੀਮ | iv) ਗਵਾਚੇ ਅਰਥ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iii | ii | iv | i |
| (B) | i | ii | iii | iv |
| (C) | iii | i | iv | ii |
| (D) | iv | i | iii | ii |

109. ਸ਼, ਖ਼, ਗ਼, ਜ਼, ਫ਼ ਧੁਨੀਆਂ ਸੂਚਕ ਹਨ

(A) ਫ਼ਾਰਸੀ ਪ੍ਰਭਾਵ ਦੀਆਂ

(B) ਸੰਸਕ੍ਰਿਤ ਪ੍ਰਭਾਵ ਦੀਆਂ

(C) ਅਰਬੀ ਪ੍ਰਭਾਵ ਦੀਆਂ

(D) ਹਿੰਦੀ ਪ੍ਰਭਾਵ ਦੀਆਂ

110. ਆਰਿਆ ਤੋਂ ਪਹਿਲਾਂ ਪੰਜਾਬ ਵਿਚ ਕਿਹੜੇ ਲੋਕ ਵੱਸਦੇ ਸਨ

(A) ਸ਼ਾਕ

(B) ਹੂਨ

(C) ਦ੍ਰਾਵੜ

(D) ਯੂਨਾਨੀ

111. ਇਕੋ ਧਾਰਾ ਨਾਲ ਸੰਬੰਧਿਤ ਚਿੰਤਕ ਹਨ

(A) ਮਾਰਕਸ, ਰੋਲਾਂ ਬਾਰਤ, ਫਰਾਇਡ

(B) ਸੋਸਿਉਰ, ਮਾਰਕਸ, ਫਰਾਇਡ

(C) ਸੋਸਿਉਰ, ਲੇਵੀ ਸਤ੍ਰਾਸ, ਯੇਕ ਲਾਕਾਂ

(D) ਰੋਲਾਂ ਬਾਰਤ, ਐਲਨਟੇਟ, ਫਰੈਡਰਿਕ ਜੇਮਸਨ

112. 'ਹੀਰ' ਦਾ ਕਿਸਾ ਕਲੀਆਂ ਵਿਚ ਲਿਖਿਆ

(A) ਵਾਰਿਸ ਸ਼ਾਹ ਨੇ

(B) ਅਹਿਮਦਯਾਰ ਨੇ

(C) ਸੂਖਾ ਸਿੰਘ ਨੇ

(D) ਭਗਵਾਨ ਸਿੰਘ ਨੇ

113. ਇਕਾਂਗੀ ਨਾਟਕ ਵਿਚ ਕਿੰਨੇ ਅੰਗ ਹੁੰਦੇ ਹਨ

(A) ਇਕ

(B) ਦੋ

(C) ਤਿੰਨ

(D) ਚਾਰ

114. 'ਸ਼ੀਰੀਂ-ਫ਼ਰਹਾਦ' ਦਾ ਪਿਛੋਕੜ ਹੈ

(A) ਇਸਲਾਮੀ ਪਰੰਪਰਾ ਨਾਲ

(B) ਯੂਨਾਨੀ ਪਰੰਪਰਾ ਨਾਲ

(C) ਇਰਾਨੀ ਪਰੰਪਰਾ ਨਾਲ

(D) ਭਾਰਤੀ ਪੰਜਾਬੀ ਪਰੰਪਰਾ ਨਾਲ

115. 'ਜੀਉਣਾ ਮੌੜ' ਕਿਸ ਇਲਾਕੇ ਦੀ ਗਾਥਾ ਹੈ

(A) ਮਾਝੇ ਦੀ

(B) ਮਾਲਵੇ ਦੀ

(C) ਪੁਆਧ ਦੀ

(D) ਦੁਆਬੇ ਦੀ



Latest Sarkari Jobs, Govt Exam Results, Vacancies and updates on one click

Know More

116. ਇਨ੍ਹਾਂ ਵਿੱਚੋਂ 'ਸਰਸਵਤੀ ਪੁਰਸਕਾਰ' ਨਾਲ ਸੰਮਾਨਿਤ ਸ਼ਾਇਰ ਹੈ
(A) ਅਜਾਇਬ ਚਿੱਤਰਕਾਰ
(B) ਜਗਤਾਰ
(C) ਸੁਰਜੀਤ ਪਾਤਰ
(D) ਹਰਿਭਜਨ ਕੋਮਲ

117. ਗੁਰਮੁਖੀ ਲਿਪੀ ਹੈ
(A) ਧੁਨੀਆਤਮਕ
(B) ਉਚਾਰ-ਖੰਡੀ
(C) ਸੁਰਾਤਮਕ
(D) ਉਪਰੋਕਤ ਸਾਰੇ ਹੀ

118. ਜਦੋਂ ਸਾਹ ਦੀ ਹਵਾ ਨੂੰ ਜੀਭ ਦੀ ਨੋਕ ਪੁੱਠੇ ਪਾਸਿਓਂ ਸਖਤ ਤਾਲੂ ਨਾਲ ਜੁੜ ਕੇ ਰੋਕਦੀ ਹੈ ਤਾਂ
(A) ਦੰਤੀ ਧੁਨੀਆਂ ਉਚਾਰੀਆਂ ਜਾਂਦੀਆਂ ਹਨ
(B) ਤਾਲਵੀ ਧੁਨੀਆਂ ਉਚਾਰੀਆਂ ਜਾਂਦੀਆਂ ਹਨ
(C) ਉਲਟ ਜੀਭੀ ਧੁਨੀਆਂ ਉਚਾਰੀਆਂ ਜਾਂਦੀਆਂ ਹਨ
(D) ਸੁਰਯੰਤਰੀ ਧੁਨੀਆਂ ਉਚਾਰੀਆਂ ਜਾਂਦੀਆਂ ਹਨ

119. 'ਵਾਰ ਨਾਦਰਸ਼ਾਹ' ਦਾ ਲੇਖਕ ਹੈ
(A) ਨਜਾਬਤ
(B) ਦਰਸ਼ਨ ਭਗਤ
(C) ਕਾਦਰਯਾਰ
(D) ਪੀਰ ਮੁੰਹਮਦ

120. 'ਗੁਰੂ ਗ੍ਰੰਥ ਸਾਹਿਬ' ਵਿੱਚ ਸਭ ਤੋਂ ਵੱਧ ਵਾਰਾਂ ਹਨ ਹਨ
(A) ਗੁਰੂ ਨਾਨਕ ਦੇਵ ਜੀ ਦੀਆਂ
(B) ਗੁਰੂ ਅਮਰਦਾਸ ਜੀ ਦੀਆਂ
(C) ਗੁਰੂ ਰਾਮ ਦਾਸ ਜੀ ਦੀਆ
(D) ਗੁਰੂ ਅਰਜਨ ਦੇਵ ਜੀ ਦੀਆਂ

**ਨਿਰਦੇਸ਼ (ਪ੍ਰਸ਼ਨ 121-125) :**

ਹੇਠ ਲਿਖੇ ਪੈਰ੍ਹੇ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਓ।

ਅੱਜ-ਕੱਲ੍ਹ ਦੀ ਜ਼ਿੰਦਗੀ ਇੱਕ ਹੁੱਲੜ ਹੈ, ਵਾਵਰੋਲਾ ਹੈ। ਇਸ ਵਿੱਚ ਵਿਹਲ ਕਿੱਥੇ ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਿਕ ਲਿਖਾਰੀ, ਸਮਾਜਿਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿੱਚ ਬਿਤਾਇਆ ਜਾਏ। ਕਹਿੰਦੇ ਨੇ ਜਿੱਥੇ ਅਸਾਂ ਆਪਣੇ ਹਰ ਕਦਮ ਦਾ ਜਵਾਬ ਦੇਣਾ ਹੈ, ਉੱਥੇ ਹਰ ਕਥਨ ਦਾ ਵੀ ਗਿਣ ਕੇ ਲੇਖਾ ਦੇਣਾ ਪੈਣਾ ਹੈ। ਇਸ ਲਈ ਹਰ ਇੱਕ ਆਦਮੀ ਨੂੰ ਜੀਭ ਨੂੰ ਲਗਾਮ ਪਾ ਕੇ ਰੱਖਣੀ ਚਾਹੀਦੀ ਹੈ। ਸਿਰਫ਼ ਲੋੜ ਪਏ 'ਤੇ ਮੂੰਹ ਖੋਲ੍ਹਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਜਾਏ ਤਾਂ ਝੱਟ ਜਿੰਦਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀਂ। 'ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ।' ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਬਾਰੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉਂ ਹੋਇਆ ਜਿਵੇਂ ਕੋਈ ਆਰਾਮ ਢੂੰਡਣ ਲਈ ਸੌ ਕੋਹ ਪੈਂਡਾ ਮਾਰੇ, ਜਾਂ ਵਰਤਾਂ ਦੀ ਤਿਆਰੀ ਲਈ ਡ੍ਹੇਲਾ ਭਰ ਲਵੇ। ਚੁੱਪ ਦੇ ਇੰਨੇ ਗੁਣ ਗਾਏ ਹਨ ਕਿ ਹੁਣ ਹਰ ਇੱਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ। ਹਫ਼ਤੇ ਭਰ ਦੇ ਲੈਕਚਰਾਂ ਅਤੇ ਇੰਟਰਵਿਊਆਂ ਮਗਰੋਂ ਮਹਾਤਮਾ ਗਾਂਧੀ ਜੀ ਨੂੰ ਪ੍ਰਾਸਚਿਤ ਮਗਰੋਂ ਇੱਕ ਦਿਨ ਮੋਨ ਵਰਤ ਰੱਖਣਾ ਪੈਂਦਾ ਸੀ। ਜਿੰਨਾਂ ਕੋਈ ਆਦਮੀ ਧਰਮਾਤਮਾ ਜਾਂ ਉੱਚੀਸ਼ਾਨ ਵਾਲਾ ਹੁੰਦਾ ਹੈ ਉੰਨਾਂ ਹੀ ਚੁੱਪ ਤੇ ਖੁੱਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ। ਉਸ ਤੋਂ ਹਰ ਵਕਤ ਖਤਰਾ ਰਹਿੰਦਾ ਹੈ ਕਿ ਮੇਰੀ ਗੱਲ ਤੋਂ ਕੋਈ ਗ਼ਲਤ ਫ਼ਾਇਦਾ ਨਾ ਉਠਾ ਲਵੇ।

121. ਅੱਜ ਦੇ ਸਮੇਂ ਵਿੱਚ ਵਿਹਲੀਆਂ ਗੱਲਾਂ ਦਾ ਸਮਾਂ ਕਿਉਂ ਨਹੀਂ
(A) ਹੁੱਲੜ ਤੇ ਵਾਵਰੋਲੇ ਕਰਕੇ
(B) ਬਹੁਤੀ ਭੱਜਨੱਸ ਕਰਕੇ
(C) ਪੜ੍ਹਾਈ ਕਰਕੇ
(D) ਬੇਇਤਬਾਰੀ ਕਰਕੇ



Latest Sarkari Jobs, Govt Exam Results, Vacancies and updates on one click

Know More

122. ਬੋਲ ਰੁਪਹਿਰੀ ਤੋਂ ਕੀ ਭਾਵ ਹੈ

(A) ਬੋਲ ਸੋਹਣਾ ਹੁੰਦਾ ਹੈ

(B) ਬੋਲ ਵਧੇਰੇ ਰੂਪਕਾਂ ਨਾਲ ਭਰਪੂਰ ਹੁੰਦਾ ਹੈ

(C) ਬਹੁਤਾ ਬੋਲਣ ਵਾਲੇ ਬੰਦੇ ਕਈ ਵਾਰੀ ਪੁਆੜੇ ਖੜ੍ਹੇ ਕਰ ਦਿੰਦੇ ਹਨ

(D) ਬੋਲ ਅਲੰਕਾਰਾਂ ਨਾਲ ਭਰਪੂਰ ਹੁੰਦਾ ਹੈ

123. ਵੱਡੇ ਆਦਮੀ ਚੁੱਪ ਹੁੰਦੇ ਹਨ ਕਿਉਂਕਿ

(A) ਉਨ੍ਹਾਂ ਦੀ ਗੱਲ ਉਨ੍ਹਾਂ ਦੇ ਸਹਾਇਕ ਰੱਖਦੇ ਹਨ

(B) ਅਜਿਹਾ ਕਰਕੇ ਉਹ ਆਪਣੀ ਵਿਦਵਤਾ ਦਰਸਾਉਂਦੇ ਹਨ

(C) ਉਹ ਨਹੀਂ ਚਾਹੁੰਦੇ ਹੁੰਦੇ ਕਿ ਕੋਈ ਉਨ੍ਹਾਂ ਦੀ ਕਿਸੇ ਗੱਲ ਦਾ ਗਲਤ ਫਾਇਦਾ ਚੁੱਕ ਲਵੇ

(D) ਉਨ੍ਹਾਂ ਕੋਲ ਬਹੁਤੀਆਂ ਗੱਲਾਂ ਲਈ ਸਮਾਂ ਨਹੀਂ ਹੁੰਦਾ

124. 'ਮਜ਼ਮੂਨ' ਸ਼ਬਦ ਦਾ ਅਰਥ ਹੈ

(A) ਵਿਸ਼ਾ

(B) ਪੈਰ੍ਹਾ

(C) ਵਿਆਖਿਆ

(D) ਸ਼ਬਦ ਰੂਪ

125. 'ਧਾਰਮਿਕ' ਤੇ 'ਸੁਨਹਿਰੀ' ਸ਼ਬਦ ਹਨ

(A) ਗੁਣਵਾਚਕ ਵਿਸ਼ੇਸ਼ਣ

(B) ਸੰਖਿਆਵਾਚਕ ਵਿਸ਼ੇਸ਼ਣ

(C) ਪਰਿਮਾਣਵਾਚਕ ਵਿਸ਼ੇਸ਼ਣ

(D) ਨਿਸ਼ਚੇਵਾਚਕ ਵਿਸ਼ੇਸ਼ਣ

126. 'ਮਹਾਰਾਜਾ ਰਣਜੀਤ ਸਿੰਘ' ਕਾਲ ਦੇ ਕਿੱਸਾਕਾਰ ਹਨ

(A) ਅਹਿਮਦਯਾਰ, ਫ਼ਜ਼ਲਸ਼ਾਹ, ਕਿਸ਼ੋਰਚੰਦ, ਭਗਵਾ ਸਿੰਘ

(B) ਪੀਲੂ, ਵਾਰਿਸ, ਹਾਮਦ, ਮੁਕਬਲ

(C) ਹਾਸ਼ਮ, ਕਾਦਰਯਾਰ, ਅਹਿਮਦਯਾਰ, ਵੀਰ ਸਿ

(D) ਕਾਦਰਯਾਰ, ਕਿਸ਼ਨ ਸਿੰਘ ਆਰਿਫ਼, ਕਾਲੀਦਾਸ ਦੌਲਤਰਾਮ

127. ਪੰਜਾਬੀ ਸਾਹਿਤ ਦਾ ਕਿਹੜਾ ਕਾਲ ਅਸ਼ਾਂਤੀ ਤੇ ਯੁੱਧਾਂ ਦ ਕਾਲ ਹੈ

(A) ਅੰਗਰੇਜ਼ੀ ਕਾਲ

(B) ਨਾਨਕ ਕਾਲ

(C) ਮਹਾਰਾਜਾ ਰਣਜੀਤ ਸਿੰਘ ਕਾਲ

(D) ਵਾਰਿਸ ਕਾਲ

128.

| ਸੂਚੀ – 1 | ਸੂਚੀ – 2 |
|---|---|
| a) ਛਪਾਰ ਦਾ ਮੇਲਾ | i) ਬਸੰਤ ਪੰਚਮੀ ਨਾਲ ਸੰਬੰਧਿਤ |
| b) ਜਰਗ ਦਾ ਮੇਲਾ | ii) ਸੀਤਲਾ ਮਾਤਾ ਨਾਲ ਸੰਬੰਧਿਤ |
| c) ਛੇਹਰਟਾ ਸਾਹਿਬ | iii) ਗੁੱਗਾ ਪੀਰ ਨਾਲ ਸੰਬੰਧਿਤ |
| d) ਚੋਲਾ ਸਾਹਿਬ ਦਾ ਮੇਲਾ | iv) ਡੇਰਾ ਬਾਬਾ ਨਾਨਕ ਨਾਲ ਸੰਬੰਧਿਤ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | iii | ii | i | iv |
| (B) | i | ii | iii | iv |
| (C) | i | ii | iv | iii |
| (D) | iv | i | iii | ii |



Latest Sarkari Jobs, Govt Exam Results, Vacancies and updates on one click

Know More

129. 'ਪਿਆਰ ਕਬਜ਼ਾ ਨਹੀਂ ਪਛਾਣ ਹੈ' ਕਥਨ ਹੈ

(A) ਨਾਨਕ ਸਿੰਘ ਦਾ

(B) ਗੁਰਬਖਸ਼ ਸਿੰਘ ਪ੍ਰੀਤਲੜੀ ਦਾ

(C) ਪ੍ਰਿੰ. ਤੇਜਾ ਸਿੰਘ ਦਾ

(D) ਸੰਤੋਖ ਸਿੰਘ ਧੀਰ

130. ਇਨ੍ਹਾਂ ਵਿੱਚੋਂ ਕਿਹੜਾ ਜੁੱਟ ਲੋਕ ਧਰਮ ਨਾਲ ਸੰਬੰਧਿਤ ਨਹੀਂ ਹੈ

(A) ਆਰਤੀ, ਗ੍ਰਹਿਆਂ ਦੀ ਪੂਜਾ, ਦੁਆਦਸ਼ ਸਿਲਾ

(B) ਗੁੱਗੇ ਦੀ ਪੂਜਾ, ਧਰਨੀ ਦੇਵੀ ਦੀ ਪੂਜਾ, ਜਠੇਰਿਆਂ ਦੀ ਪੂਜਾ

(C) ਮੂਰਤੀ ਪੂਜਾ, ਮੜ੍ਹੀ ਮਸਾਨਾਂ ਦੀ ਪੂਜਾ, ਸਵਾਰੀ ਦੀ ਪੂਜਾ

(D) ਪਿੱਤਰਾਂ ਦੀ ਪੂਜਾ, ਸਾਂਝੀ ਦੇਵੀ ਦੀ ਪੂਜਾ, ਖਵਾਜਾ ਖਿਜ਼ਰ ਦੀ ਪੂਜਾ

131. ਭਾਰਤ ਵਿੱਚ ਚਿਸ਼ਤੀ ਸਿਲਸਿਲੇ ਦਾ ਬਾਣੀ ਹੈ

(A) ਹਜ਼ਰਤ ਅਲੀ ਬਿਨ ਉਸਮਾਨ ਅਲ ਹੁਜਵੇਰੀ

(B) ਹਜ਼ਰਤ ਨਿਜ਼ਾਮੁੱਦੀਨ ਔਲੀਆ

(C) ਹਜ਼ਰਤ ਬਾਬਾ ਸ਼ੇਖ ਫ਼ਰੀਦ

(D) ਹਜ਼ਰਤ ਖ਼ੁਆਜਾ ਮੁਈਨੁੱਦੀਨ ਚਿਸ਼ਤੀ

132. 'ਸੁਹਾਗ' ਅਤੇ 'ਦੁਲਹਨ' ਇਕਾਂਗੀ ਇਸਤਰੀ ਦੀ ਕਿਸ ਮਨੋਦਸ਼ਾ ਨੂੰ ਦਰਸਾਉਂਦਾ ਹੈ

(A) ਅੰਤਰ-ਦਵੰਦ

(B) ਡੋਲਦੀ ਅਵਸਥਾ

(C) ਬੇਵਸ ਤੇ ਤਰਸਯੋਗ

(D) ਸੰਗੀ ਹੋਣਾ

133. a) (ਕਥਨ): ਅਸਤਿਤ੍ਵਵਾਦ ਮਿਲਿਆ-ਜੁਲਿਆ ਵਾਦ ਹੈ ਜਿਸ ਵਿੱਚ ਜੀਵਨ ਦੀ ਅਸਥਿਰਤਾ ਤੇ ਅਨਿਸ਼ਚਿਤਤਾ ਦਾ ਵਰਣਨ ਹੈ।

b) (ਕਥਨ): ਨਾਸਤਕ ਅਸਤਿਤ੍ਵਵਾਦੀਆਂ ਦਾ ਕਹਿਣਾ ਹੈ ਕਿ ਰੱਬ ਮਰ ਚੁੱਕਾ ਹੈ ਅਤੇ ਅਸਤਿਤ੍ਵ ਦੀ ਸਥਿਤੀ ਮੂਲ ਤੱਤ ਤੋਂ ਮਗਰੋਂ ਦੀ ਹੈ।

c) ਅਸਤਿਤ੍ਵ ਨਿਯਤੀ ਤੋਂ ਪਹਿਲਾਂ ਹੈ। ਮੁਨੱਖ ਨਿਸ਼ਚਿਤ ਨਿਯਤੀ ਜਾਂ ਮਾਨਵੀ ਪ੍ਰਕਿਰਤੀ ਦਾ ਗ਼ੁਲਾਮ ਨਹੀਂ।

(A) a) ਗ਼ਲਤ ਹੈ b) ਸਹੀ ਹਨ c) ਅੰਸ਼ਿਕ ਸਹੀ ਹੈ

(B) a) ਅਤੇ b) ਗ਼ਲਤ ਹਨ c) ਪੂਰਨ ਸਹੀ ਹੈ

(C) a) ਗ਼ਲਤ ਹੈ b) ਅਤੇ c) ਸਹੀ ਹਨ

(D) a) ਅੰਸ਼ਿਕ ਸਹੀ ਹੈ b) ਸਹੀ ਹੈ c) ਗ਼ਲਤ ਹੈ

134. 'ਸਮਰਾਟ ਅਸ਼ੋਕ' ਨੇ ਕਿਸ ਧਰਮ ਦੇ ਵਿਕਾਸ ਲਈ ਵਿਸ਼ੇਸ਼ ਧਿਆਨ ਦਿੱਤਾ

(A) ਸਨਾਤਨ ਧਰਮ

(B) ਜੈਨ ਧਰਮ

(C) ਬੁੱਧ ਧਰਮ

(D) ਹਿੰਦੂ ਧਰਮ

135. 'ਅਲਬਰੂਨੀ' ਨੇ ਆਪਣੇ ਗ੍ਰੰਥ ਵਿੱਚ ਕਿਸ ਭਾਸ਼ਾ ਦਾ ਵਰਣਨ ਕੀਤਾ ਹੈ

(A) ਸੰਸਕ੍ਰਿਤ

(B) ਹਿੰਦੀ

(C) ਮਰਾਠੀ

(D) ਗੁਜਰਾਤੀ



Latest Sarkari Jobs, Govt Exam Results, Vacancies and updates on one click

Know More

136. ਕਿਹੜਾ ਸੁਰ ਅੰਤਲੀ ਸਥਿਤੀ ਵਿੱਚ ਨਹੀਂ ਉਚਾਰਿਆ ਜਾਂਦਾ

(A) ਔ

(B) ਉ

(C) ਓ

(D) ਅ

137. ਪੰਜਾਬੀ ਵਿੱਚ ਊਲ-ਜਲੂਲ ਨਾਟਕਾਂ ਦੀ ਝਲਕ ਮਿਲਦੀ ਹੈ

(A) ਹਰਚਰਨ ਸਿੰਘ

(B) ਕਪੂਰ ਸਿੰਘ ਘੁੰਮਣ

(C) ਸੁਰਜੀਤ ਸਿੰਘ ਸੇਠੀ

(D) ਰੋਸ਼ਨ ਲਾਲ ਅਹੂਜਾ

138. ਛੰਦ ਕਿਸ ਨੂੰ ਸੁਣਾਏ ਜਾਂਦੇ ਹਨ

(A) ਭਾਬੀਆਂ ਨੂੰ

(B) ਸਾਲੀਆਂ ਨੂੰ

(C) ਮਾਮੀਆਂ ਨੂੰ

(D) ਚਾਚੀਆਂ ਨੂੰ

139. 'ਟੱਕਰ' ਕਿਸ ਕਾਵਿ ਰੂਪ ਦਾ ਅਨਿਵਾਰੀ ਤੱਤ ਹੈ

(A) ਅਲਾਹੁਣੀ

(B) ਕਿੱਸਾ

(C) ਵਾਰ

(D) ਸਤਵਾਰਾ

140. 'ਜੀਣਾ ਵੀ ਇੱਕ ਅਦਾ' ਹੈ

(A) ਜੀਵਨੀ ਹੈ

(B) ਸ੍ਵੈ-ਜੀਵਨੀ ਹੈ

(C) ਡਾਇਰੀ ਹੈ

(D) ਸਫ਼ਰਨਾਮਾ ਹੈ

141. 'ਰਾਣਾ ਸੂਰਤ ਸਿੰਘ' ਹੈ

(A) ਨਾਵਲ

(B) ਨਾਟਕ

(C) ਮਹਾਂਕਾਵਿ

(D) ਇਕਾਂਗੀ

142. 'ਅੱਖਾਂ ਦੇਖ ਨਾ ਰੱਜੀਆਂ' ਸਫ਼ਰਨਾਮੇ ਦਾ ਲੇਖਕ ਹੈ

(A) ਡਾ. ਕੁਲਵੰਤ ਕੌਰ

(B) ਸੋਹਣ ਸਿੰਘ ਜੋਸ਼

(C) ਹੀਰਾ ਸਿੰਘ ਦਰਦ

(D) ਸਿੰਗਾਰਾ ਸਿੰਘ ਭੁੱਲਰ

143. 'ਮੁੰਡੇ ਨੇ ਕਿਤਾਬ ਪੜ੍ਹੀ' ਵਾਕ ਵਿੱਚ 'ਮੁੰਡਾ' ਸ਼ਬਦ ਦਾ 'ਮੁੰਡੇ' ਵਿੱਚ ਪਰਿਵਰਤਿਤ ਹੋਣ ਦਾ ਕਾਰਨ ਹੈ

(A) ਬਹੁਵਚਨੀ ਰੂਪ ਕਰਕੇ

(B) ਸੰਬੰਧਕ ਦੇ ਅਧਿਕਾਰੀ ਪ੍ਰਭਾਵ ਕਰਕੇ

(C) ਸੰਬੋਧਨ ਕਰਕੇ

(D) ਇਨ੍ਹਾਂ ਵਿੱਚੋਂ ਕੋਈ ਨਹੀਂ



Latest Sarkari Jobs, Govt Exam Results, Vacancies and updates on one click

Know More

144. 'ਹੁਣ ਤੋਂ ਤਨਖ਼ਾਹ ਚੈੱਕ ਰਾਹੀਂ ਦਿੱਤੀ ਜਾਏਗੀ' ਸ਼ਬਦ ਵਿੱਚ 'ਰਾਹੀਂ' ਕਿਹੜੇ ਕਾਰਕ ਨੂੰ ਦਰਸਾਉਂਦਾ ਹੈ

(A) ਕਰਤਾ ਕਾਰਕ

(B) ਕਰਮ ਕਾਰਕ

(C) ਕਰਨ ਕਾਰਕ

(D) ਅਪਾਦਾਨ ਕਾਰਕ

145. 'ਆਓ ਕਿਤਾਬ ਪੜ੍ਹੀਏ' ਕਿਹੜਾ ਵਾਕ ਹੈ

(A) ਸਧਾਰਨ ਵਾਕ

(B) ਪ੍ਰਸ਼ਨਵਾਚੀ ਵਾਕ

(C) ਆਗਿਆਵਾਚੀ ਵਾਕ

(D) ਪ੍ਰੇਰਨਾਰਥਕ ਵਾਕ

146. 'ਪ੍ਰਤੀਭਾਸ਼ਾਲੀ ਅਦਾਕਾਰਾ ਦੀ ਤਲਾਸ਼ ਵਿੱਚ ਡਾਇਰੈਕਟਰ ਪ੍ਰੋਡਿਊਸਰ ਘੁੰਮ ਰਹੇ ਹਨ' ਵਾਕ ਵਿੱਚ 'ਡਾਇਰੈਕਟਰ ਪ੍ਰੋਡਿਊਸਰ' ਹੈ

(A) ਸਮਾਸੀ ਵਾਕਾਂਸ਼

(B) ਨਾਂਵ ਵਾਕਾਂਸ਼

(C) ਕਰਤਾ ਨਾਂਵ ਵਾਕਾਂਸ਼

(D) ਸੰਬੰਧਕ ਵਾਕਾਂਸ਼

147. 'ਮੈਂ ਸੋਚਿਆ ਕਿ ਉਹ ਜ਼ਰੂਰ ਆਵੇਗਾ' ਵਾਕ ਵਿੱਚ 'ਉਹ ਜ਼ਰੂਰ ਆਵੇਗਾ' ਹੈ

(A) ਸਧਾਰਨ ਵਾਕ

(B) ਸਮਾਨ ਉਪਵਾਕ

(C) ਅਧੀਨ ਉਪਵਾਕ

(D) ਪ੍ਰਧਾਨ ਉਪਵਾਕ

148. ਇਨ੍ਹਾਂ ਵਿਚੋਂ ਕਿਹੜਾ ਜੁੱਟ ਸਹੀ ਨਹੀਂ ਹੈ

(A) ਸੇਨ ਚਿੜੀ, ਟੌਪਸ, ਕਾਂਟੇ, ਪਿੱਪਲ-ਪੱਤੀਆਂ

(B) ਚੌਂਕ, ਤੰਦੌਰਾ, ਪਰੀਬੰਦ, ਗੁਲਸਪੱਟੀ

(C) ਗੁਲੂਬੰਦ, ਹੰਸ ਕੰਠੀ, ਬੁਘਤੀਆਂ, ਰਾਣੀ ਹਾਰ

(D) ਗੂਠੜੇ, ਬਿਛੂਏ, ਛੱਲੇ, ਛੱਲੀਆਂ

149. 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਕਿਸ ਸੂਫ਼ੀ ਸ਼ਾਇਰ ਦੀ ਸ਼ਾਇਰੀ ਦਰਜ ਹੈ

(A) ਸ਼ਾਹ ਹੁਸੈਨ

(B) ਬੁੱਲ੍ਹੇ ਸ਼ਾਹ

(C) ਸ਼ੇਖ ਫ਼ਰੀਦ

(D) ਸੁਲਤਾਨ ਬਾਹੂ

150. ਜਾਰਜ ਗ੍ਰੀਅਰਸਨ ਵੱਲੋਂ ਪੰਜਾਬੀ ਤੇ ਹਿੰਦੀ ਦੀ ਵੱਖਰੀ ਵੰਡ ਦਾ ਵਿਰੋਧ ਸਭ ਤੋਂ ਪਹਿਲਾਂ ਕਿਸ ਨੇ ਕੀਤਾ -

(A) ਮੋਹਨ ਸਿੰਘ ਦੀਵਾਨਾ

(B) ਪ੍ਰੇਮ ਪ੍ਰਕਾਸ਼ ਸਿੰਘ

(C) ਹਰਦੇਵ ਬਾਹਰੀ

(D) ਐਸ.ਕੇ ਚੈਟਰਜੀ

151. ਕਿਸ ਲੇਖਿਕਾ ਨੇ ਇਸਤਰੀ-ਮਰਦ ਦੇ ਸੰਬੰਧਾਂ ਨੂੰ ਦਲੇਰੀ ਨਾਲ ਪੇਸ਼ ਕੀਤਾ ਹੈ

(A) ਅੰਮ੍ਰਿਤਾ ਪ੍ਰੀਤਮ

(B) ਅਜੀਤ ਕੌਰ

(C) ਬਚਿੰਤ ਕੌਰ

(D) ਦਲੀਪ ਕੌਰ ਟਿਵਾਣਾ



Latest Sarkari Jobs, Govt Exam Results, Vacancies and updates on one click

Know More

152. 'ਰੋਮਨ ਜੈਕਬਸਨ' ਦਾ ਸੰਕਲਪ ਹੈ

(A) ਇਕਾਲਕ ਤੇ ਦੁਕਾਲਕ

(B) ਯੋਗਤਾ ਤੇ ਨਿਭਾਓ"

(C) ਸੰਚਾਰ-ਪ੍ਰਬੰਧ

(D) ਲਾਂਗ ਤੇ ਪੈਰੋਲ

153. ਸ਼ਬਦ ਦੇ ਸ਼ੁਰੂ ਵਿਚ ਨਹੀਂ ਵਰਤੇ ਜਾਂਦੇ

(A) ਹ, ਵ, ਯ

(B) ਖ, ਫ, ਗ

(C) ਙ, ਞ, ਨ

(D) ਣ, ੜ, ਞ

154. 1973 ਵਿਚ ਕਿਸ ਸਾਹਿਤ ਦਾ ਦਿਹਾਂਤ ਹੋਇਆ

(A) ਹਰਿਭਜਨ ਸਿੰਘ

(B) ਸ਼ਿਵ ਕੁਮਾਰ

(C) ਹਰਿਨਾਮ

(D) ਤਾਰਾ ਸਿੰਘ

155. 'ਰਿਪੋਤਾਰਜ' ਕਿਸ ਨੂੰ ਕਹਿੰਦੇ ਹਨ

(A) ਡਾਇਰੀ ਵਿਚ ਲਿਖੇ ਵੇਰਵੇ ਨੂੰ

(B) ਕਿਸੇ ਘਟਨਾ ਬਾਰੇ ਅਖ਼ਬਾਰ ਲਈ ਭੇਜੇ ਜਾਣ ਵਾਲੇ ਵੇਰਵੇ ਨੂੰ

(C) ਸਫ਼ਰਨਾਮੇ ਦੇ ਇਕ-ਪਾਸੜ ਅੰਸ਼ ਨੂੰ

(D) ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਨਹੀਂ

156. ਕਿਹੜਾ ਨਾਵਲ ਪ੍ਰਵਾਸੀ ਜੀਵਨ ਨਾਲ ਸੰਬੰਧਿਤ ਹੈ

(A) ਕੰਜਕਾਂ

(B) ਇਹ ਲੋਕ

(C) ਪਰਸਾ

(D) ਪਰਤਾਪੀ

157. 'ਲਕਸ਼ਣਾ' ਅਤੇ 'ਅਭਿਧਾ' ਸੰਬੰਧਿਤ ਹਨ

(A) ਅਲੰਕਾਰ ਨਾਲ

(B) ਰੀਤੀ ਨਾਲ

(C) ਧੁਨੀ ਨਾਲ

(D) ਰਸ ਨਾਲ

158. ਗੁਰੂ ਗੋਬਿੰਦ ਸਿੰਘ ਜੀ ਦੇ ਕਿਸ ਸੂਫ਼ੀ ਦਰਵੇਸ਼ ਨਾਲ ਸਨੇਹਪੂਰਨ ਸੰਬੰਧ ਸਨ

(A) ਪੀਰ ਬੁੱਧੂ ਸ਼ਾਹ

(B) ਸਾਈਂ ਮੀਆਂ ਮੀਰ

(C) ਦਾਰਾ ਸ਼ਿਕੋਹ

(D) ਹਿੰਦੂ ਧਰਮ

159. ਪੰਜਾਬੀ ਭਾਸ਼ਾ ਦੀ ਵਾਕ ਰਚਨਾ ਤਰਤੀਬ ਹੈ

(A) SOV

(B) VSO

(C) OSV

(D) ਤਿੰਨਾਂ ਵਿੱਚੋਂ ਕੋਈ ਵੀ ਨਹੀਂ

160. 'ਚੰਡੀ ਦੀ ਵਾਰ' ਵਿਚ ਕੁੱਲ ਕਿੰਨੀਆਂ ਪਉੜੀਆਂ ਹਨ

(A) 43 ਪਉੜੀਆਂ ਤੇ ਇਕ ਦੋਹਾ

(B) 54 ਪਉੜੀਆਂ ਤੇ ਇਕ ਦੋਹਾ

(C) 52 ਪਉੜੀਆਂ ਤੇ ਇਕ ਦੋਹਾ

(D) 48 ਪਉੜੀਆਂ ਤੇ ਇਕ ਦੋਹਾ



Latest Sarkari Jobs, Govt Exam Results, Vacancies and updates on one click

Know More

161. 'ਪੋਹ ਰਿੱਧੀ ਮਾਘ ਖਾਧੀ' ਅਖੌਤ ਦਾ ਸੰਬੰਧ ਹੈ

(A) ਸਾਉਣ ਨਾਲ

(B) ਵਿਸਾਖੀ ਨਾਲ

(C) ਲੋਹੜੀ ਨਾਲ

(D) ਤੀਆਂ ਨਾਲ

162. **ਸੂਚੀ – 1** **ਸੂਚੀ – 2**

| ਸੂਚੀ – 1 | ਸੂਚੀ – 2 |
|---|---|
| a) ਧੁਨੀ ਸੰਪਰਦਾਇ | i) ਭਰਤ ਮੁਨੀ |
| b) ਨਾਟਯ ਸ਼ਾਸਤਰ | ii) ਉਭਯ ਅਲੰਕਾਰ |
| c) ਸਾਹਿਤਯ ਦਰਪਨ | iii) ਆਨੰਦ ਵਰਧਨ |
| d) ਸ਼ਬਦਾਰਥ | iv) ਵਿਸ਼ਵ ਨਾਥ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | i | ii | iii | iv |
| (B) | iii | i | iv | ii |
| (C) | ii | iii | iv | i |
| (D) | iv | iii | i | ii |

163. ਨੌਰਾਤਿਆਂ ਦੇ ਦਿਨਾਂ ਵਿੱਚ ਕੰਧਾਂ ਉੱਤੇ ਕਿਸ ਦਾ ਚਿੱਤਰ ਉਲੀਕਿਆ ਜਾਂਦਾ ਹੈ

(A) ਲੱਛਮੀ

(B) ਦੁਰਗਾ

(C) ਸਾਂਝੀ ਮਾਈ

(D) ਸਾਤਲਾ ਦੇਵੀ

164. 'ਰੁੱਖ ਤੇ ਰਿਸ਼ੀ' ਕੀ ਹੈ

(A) ਨਾਟਕ

(B) ਨਾਵਲ

(C) ਕਹਾਣੀ

(D) ਕਵਿਤਾ

**ਨਿਰਦੇਸ਼ (ਪ੍ਰਸ਼ਨ 165-169) :**

ਹਰ ਇਕ ਕੁੰਜੀ ਸ਼ਬਦ ਲਈ ਚਾਰ ਅਰਥ ਸੁਝਾਏ ਗਏ ਹਨ। ਉਸ ਸ਼ਬਦ ਦੀ ਚੋਣ ਕਰੋ ਜੇ ਕੁੰਜੀ ਸ਼ਬਦ ਦਾ ਵਿਰੋਧੀ ਸ਼ਬਦ ਹੈ

165. ਸਾਊ

(A) ਅਬਲ

(B) ਕੁਪੱਤਾ

(C) ਅਸੰਜਮੀ

(D) ਛੱਲਾ

166. ਢਾਹੁਣਾ

(A) ਖਿਲਾਰਨਾ

(B) ਇਕੱਠਾ ਕਰਨਾ

(C) ਉਸਾਰਨਾ

(D) ਵੇਚਣਾ

167. ਅਖ਼ੀਰ

(A) ਉਲਟ

(B) ਮੁੱਢ

(C) ਆਦਿ

(D) ਵਿੱਚ

168. ਚੜ੍ਹਨਾ

(A) ਡਿੱਗਣਾ

(B) ਉਤਰਨਾ

(C) ਰਿੜ੍ਹਨਾ

(D) ਖਿਸਕਣਾ



Latest Sarkari Jobs, Govt Exam Results, Vacancies and updates on one click

Know More

169. ਨਿੰਦਿਆ

(A) ਉਸਤਤ

(B) ਭੰਡੀ

(C) ਖਿਸਿਆਣਾ

(D) ਖਿੜਣਾ

**ਨਿਰਦੇਸ਼ (ਪ੍ਰਸ਼ਨ 170-174) :**

ਹਰ ਇੱਕ ਕੁੰਜੀ ਸ਼ਬਦ ਲਈ ਚਾਰ ਅਰਥ ਸੁਝਾਏ ਗਏ ਹਨ। ਉਸ ਸ਼ਬਦ ਦੀ ਚੋਣ ਕਰੋ ਜੋ ਕੁੰਜੀ ਸ਼ਬਦ ਦੇ ਸਭ ਤੋਂ ਨੇੜੇ ਦੇ ਅਰਥਾਂ ਦਾ ਹੈ

170. ਚਿਤਾਉਣਾ

(A) ਸਲਾਹੁਣਾ

(B) ਸਤਿਕਾਰਨਾ

(C) ਪਲੋਸਣਾ

(D) ਸਿਮਰਾਉਣਾ

171. ਸਾਦਗੀ

(A) ਸੰਜਮੀ

(B) ਭੋਲਾਪਨ

(C) ਸੁੰਚ

(D) ਸਚਿਰਤਾ

172. ਅਮੀਰ

(A) ਅਮੀਰੀ

(B) ਚਾਤਰ

(C) ਧਨਾਢ

(D) ਵਿਭਚਾਰੀ

173. ਮੁੱਢਲਾ

(A) ਅੰਦਰਲਾ

(B) ਸਿੱਧਾ

(C) ਮੋਹਰੀ

(D) ਟਿਕਵਾਂ

174. ਨਿਵੇਕਲਾ

(A) ਅੱਡਰਾ

(B) ਨਰੋਆ

(C) ਸੁਲਝਿਆ

(D) ਮਿਲਦਾ

**ਨਿਰਦੇਸ਼ (ਪ੍ਰਸ਼ਨ 175-179) :**

ਦਿੱਤੇ ਗਏ ਸ਼ਬਦਾਂ ਵਿੱਚੋਂ ਸਭ ਤੋਂ ਵੱਧ ਸਾਰਥਕ ਸ਼ਬਦ ਖਾਲੀ ਥਾਂ ਨੂੰ ਭਰਨ ਲਈ ਚੁਣੋ ਤਾਂਕਿ ਵਾਕ ਸਹੀ ਅਰਥਾਂ ਵਿੱਚ ਪੂਰਾ ਹੋ ਸਕੇ।

175. ਜਦ ਫਸਲਾਂ ਪੱਕ ______ ਉਦੋਂ ਹੀ ਵਾਢੀ ਸ਼ੁਰੂ ਹੋ ਜਾਂਦੀ ਹੈ।

(A) ਜਾਏ

(B) ਜਾਣ

(C) ਗਏ

(D) ਗਈਆਂ

176. ਜਦ ਛੁੱਟੀ ਖਤਮ ਹੋ ਜਾਣ ਤਾਂ ਤੁਸੀਂ ______ ਘਰ ਚਲੇ ਜਾਣਾ।

(A) ਆਪੋ-ਆਪਣੇ

(B) ਆਪਣੀਆਂ

(C) ਆਪਣਾ

(D) ਆਪਣੀ

A*



Latest Sarkari Jobs, Govt Exam Results, Vacancies and updates on one click
Know More

177. ਤੂੰ ਮੇਰੇ ਘਰ ਜਾਣਾ ________।
(A) ; ਹੈ
(B) ; ਹੈ
(C) ਹੋ
(D) ਹਨ

178. ਰਾਮ ਦੇ ਨਾਲ ਵਾਲਾ ਘਰ ਸ਼ਾਮ ਦੇ ਵੇਖਦਿਆਂ ਹੀ ਵੇਖਦਿਆਂ ________ ਗਿਆ।
(A) ਢਹਿ
(B) ਢਾਹ
(C) ਮਿਲਿਆ
(D) ਢਹਿੰਦੇ

179. ਦੋਵੇਂ ਭੈਣਾਂ ਘਰ ਆ ਗਈਆਂ ________।
(A) ਹੈ
(B) ਹੋਵੇਗੀ
(C) ਹੋਣਗੀਆਂ
(D) ਹੋਣਗੀ

**ਨਿਰਦੇਸ਼ (ਪ੍ਰਸ਼ਨ 180-184) :**

ਹਰ ਇੱਕ ਮੁਹਾਵਰੇ ਲਈ ਚਾਰ ਅਰਥ ਸੁਝਾਏ ਗਏ ਹਨ। ਉਸ ਅਰਥ ਦੀ ਚੋਣ ਕਰੋ ਜੋ ਦਿੱਤੇ ਗਏ ਮੁਹਾਵਰੇ ਦੇ ਸਭ ਤੋਂ ਨੇੜੇ ਦੇ ਅਰਥਾਂ ਦਾ ਹੈ

180. ਘੇਗਲ ਕੰਨਾਂ
(A) ਧਿਆਨ ਨਾਲ ਸੁਣਨ ਵਾਲਾ
(B) ਸੁਣ ਕੇ ਅਣਸੁਣੀ ਕਰਨ ਵਾਲਾ
(C) ਲਾਪਰਵਾਹ
(D) ਸਿਆਣਾ ਬੰਦਾ

181. ਫਸਲੀ ਬਟੇਰਾ
(A) ਸਦਾ ਹੀ ਪਤਾ ਬਦਲਣ ਵਾਲਾ
(B) ਵੇਖਣ ਨੂੰ ਭਲਾ ਪੁਰਸ਼ ਪਰ ਵਿੱਚੋਂ ਬੇਵਿਸ਼ਵਾਸਾ
(C) ਵੇਖ ਕੇ ਮੁਕਰਨ ਵਾਲਾ
(D) ਜੋ ਆਪਣੀ ਗਰਜ਼ ਵੇਲੇ ਆ ਕੇ ਮੂੰਹ ਵਿਖਾਵੇ ਤੇ ਕੰਮ ਹੋ ਜਾਣ 'ਤੇ ਖਿਸਕ ਜਾਵੇ

182. ਚਿੜੀਆਂ ਦਾ ਦੁੱਧ
(A) ਅਣਹੋਣੀ ਸ਼ੈ
(B) ਫੋਕੀਆਂ ਗੱਲਾਂ
(C) ਹੱਕ ਹਲਾਲ ਦੀ ਕਮਾਈ
(D) ਕੀਮਤੀ ਸ਼ੈ

183. ਅੱਗਾ ਪਿੱਛਾ ਸੋਚਣਾ
(A) ਲਾਭ-ਹਾਨੀ ਵਿਚਾਰਨਾ
(B) ਆਪਣੇ ਪਰਿਵਾਰ ਬਾਰੇ ਸੋਚਣਾ
(C) ਟਾਲਣਾ
(D) ਆਪਣਾ ਮਤਲਬ ਕੱਢਣਾ

184. ਸਿਰ 'ਤੇ ਕੁੰਡਾ ਹੋਣਾ
(A) ਭੈੜੇ ਕੰਮ ਤੋਂ ਰੋਕਣ ਵਾਲਾ ਕੋਈ ਵੱਡਾ ਮਨੁੱਖ ਪਾਸ ਹੋਣਾ
(B) ਡਰਨਾ
(C) ਮੁਸੀਬਤ ਵੇਲੇ ਘਬਰਾ ਜਾਣਾ
(D) ਨੁਕਸਾਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੈਣਾ

185. ਹੇਠ ਲਿਖੇ ਸ਼ਬਦਾਂ ਵਿੱਚੋਂ ਗਲਤ ਲਿਖੇ ਹੋਏ ਸ਼ਬਦ ਦੀ ਚੋਣ ਕਰੋ
(A) ਬਗਿਆੜ
(B) ਬਹੁਤਾ
(C) ਲਾਪਰਵਾਹ
(D) ਸਿਆਣਾ ਬੰਦਾ



Latest Sarkari Jobs, Govt Exam Results, Vacancies and updates on one click

Know More

**ਨਿਰਦੇਸ਼ (ਪ੍ਰਸ਼ਨ 186-190) :**

ਹੇਠ ਲਿਖੇ ਪੈਰ੍ਹੇ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਓ।

ਪ੍ਰਸਿੱਧ ਵਿਆਕਰਨਕਾਰ ਪਾਣਿਨੀ, ਜਿਸ ਦੀ ਲਿਖੀ ਹੋਈ ਪੁਸਤਕ ਦਾ ਨਾਂ ਪਾਣਿਨੀਯਮ ਸੀ। ਇਹ ਸੰਸਕ੍ਰਿਤ ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਇਸ ਬਾਰੇ ਆਦਰ ਤੇ ਸਤਿਕਾਰ ਵਜੋਂ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ। ਪ੍ਰਾਚੀਨ ਸਮੇਂ ਪਾਣਿਨੀ ਨੂੰ ਰਿਸ਼ੀ ਮੰਨਿਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਵੀ ਇਸ ਬਾਰੇ ਇਹ ਪ੍ਰਸਿੱਧ ਹੈ ਕਿ ਇਸ ਨੂੰ ਇਸ ਪੁਸਤਕ ਸੰਬੰਧੀ ਗਿਆਨ ਸ਼ਿਵ ਜੀ ਤੋਂ ਪ੍ਰਾਪਤ ਹੋਇਆ। ਕਹਿੰਦੇ ਹਨ ਕਿ ਪਾਣਿਨੀ ਬਚਪਨ ਵਿੱਚ ਬੜਾ ਮੂਰਖ ਸੀ, ਇਸ ਲਈ ਇਸ ਨੂੰ ਪਾਠਸ਼ਾਲਾ ਵਿੱਚੋਂ ਕੱਢ ਦਿੱਤਾ ਗਿਆ ਸੀ, ਪਰ ਸ਼ਿਵ ਜੀ ਦੀ ਕਿਰਪਾ ਨਾਲ ਇਹ ਵਿਦਵਾਨਾਂ ਦੀ ਪਹਿਲੀ ਸ਼੍ਰੇਣੀ ਵਿਚ ਆ ਗਿਆ। ਇਹ ਪਹਿਲਾਂ ਵਿਕਰਨਕਾਰ ਨਹੀਂ ਸੀ, ਕਿਉਂਕਿ ਇਹ ਆਪਣੀ ਪੁਸਤਕ ਵਿਚ ਕਈ ਵਿਆਕਰਨਕਾਰਾਂ ਦੇ ਨਾਂ ਦਿੰਦਾ ਹੈ ਜਿਹੜੇ ਕਿ ਇਸ ਤੋਂ ਪਹਿਲਾਂ ਹੋ ਚੁੱਕੇ ਸਨ। ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਹਨ, ਉਹਨਾਂ ਦੀ ਗਿਣਤੀ ਕਾਫੀ ਵੱਡੀ ਹੈ ਅਤੇ ਭਾਵੇਂ ਉਹਨਾਂ ਵਿੱਚੋਂ ਕਈ ਬਹੁਤ ਹੀ ਸ੍ਰੇਸ਼ਟ ਤੇ ਬਹੁਤੀ ਵਰਤੋਂ ਵਿਚ ਆਉਂਦੇ ਹਨ, ਪਰ ਪਾਣਿਨੀ ਦੁਆਰਾ ਬਣਾਏ ਗਏ ਨਿਯਮ ਅਜੇ ਵੀ ਸਰਵਉਚ ਤੇ ਨਿਰਵਿਵਾਦ ਹਨ।

186. ਪਾਣਿਨੀ ਪ੍ਰਸਿੱਧ ਹੈ
   (A) ਆਪਣੀ ਮੂਰਖਤਾ ਕਰਕੇ
   (B) ਸ਼ਿਵ ਜੀ ਉਸ ਉੱਪਰ ਕਿਰਪਾ ਕਰਕੇ
   (C) ਸੰਸਕ੍ਰਿਤ ਦੇ ਸਭ ਤੋਂ ਵੱਡੇ ਵਿਦਵਾਨ ਕਰਕੇ
   (D) ਇੱਕ ਰਿਸ਼ੀ ਕਰਕੇ

187. ਪਾਣਿਨੀ ਨੂੰ ਪੁਸਤਕ ਸੰਬੰਧੀ ਗਿਆਨ ਪ੍ਰਾਪਤ ਹੋਇਆ
   (A) ਰਿਸ਼ੀਆਂ ਕੋਲੋਂ
   (B) ਸ਼ਿਵ ਜੀ ਕੋਲੋਂ
   (C) ਵਿਆਕਰਨਕਾਰਾਂ ਕੋਲੋਂ
   (D) ਪਾਠਸ਼ਾਲਾ ਵਿੱਚੋਂ

188. ਕਿਹੜੀ ਗੱਲ ਤੋਂ ਪਤਾ ਲੱਗਦਾ ਹੈ ਕਿ ਪਾਣਿਨੀ ਪਹਿਲਾ ਵਿਆਕਰਨਕਾਰ ਨਹੀਂ ਸੀ
   (A) ਪਾਣਿਨੀ ਵੱਲੋਂ ਆਪਣੀ ਪੁਸਤਕ ਵਿਚ ਦਿੱਤੀ ਗਈ ਹੋਰ ਵਿਆਕਰਨਕਾਰਾਂ ਦੀ ਸੂਚੀ ਤੋਂ
   (B) ਵਿਆਕਰਨਕਾਰ ਤੋਂ ਗ੍ਰਹਿਣ ਕੀਤੇ ਗਿਆਨ ਕਰਕੇ
   (C) ਵਿਆਕਰਨਕ ਸੂਝ ਦੀ ਘਾਟ ਕਰਕੇ
   (D) ਉਪਰੋਕਤ ਵਿੱਚੋਂ ਕੋਈ ਨਹੀਂ

189. ਪਾਣਿਨੀ ਦੀ ਵਿਆਕਰਨ ਦੀ ਪ੍ਰਸਿੱਧੀ ਦਾ ਕਾਰਨ ਹੈ
   (A) ਉਸ ਤੋਂ ਪਹਿਲਾਂ ਲਿਖੇ ਗਏ ਵਿਆਕਰਨ
   (B) ਸ਼ਿਵ ਜੀ ਕਿਰਪਾ
   (C) ਪਾਣਿਨੀ ਵੱਲੋਂ ਦਿੱਤੇ ਗਏ ਵਿਆਕਰਨ ਦੇ ਨਿਯਮ
   (D) ਉਸ ਵੱਲੋਂ ਦਿੱਤੇ ਗਏ ਹੋਰ ਵਿਆਕਰਨਕਾਰਾਂ ਦੇ ਨਾਂ

190. ਪਾਣਿਨੀ ਨੂੰ ਪਾਠਸ਼ਾਲਾ ਵਿੱਚੋਂ ਕਿਉਂ ਕੱਢ ਦਿੱਤਾ
   (A) ਕਿਉਂਕਿ ਉਹ ਸ਼ਰਾਰਤੀ ਸੀ
   (B) ਕਿਉਂਕਿ ਉਹ ਮੂਰਖ ਸੀ
   (C) ਕਿਉਂਕਿ ਉਹ ਬਹੁਤ ਗਿਆਨਵਾਨ ਸੀ
   (D) ਕਿਉਂਕਿ ਉਹ ਪੜ੍ਹਨਾ ਨਹੀਂ ਸੀ ਚਾਹੁੰਦਾ

**ਨਿਰਦੇਸ਼ (ਪ੍ਰਸ਼ਨ 191-195) :**

ਹੇਠ ਲਿਖੇ ਕਥਨਾਂ ਲਈ ਦਿੱਤੇ ਗਏ ਵਿਕਲਪਾਂ ਵਿੱਚੋਂ ਕਿਸੇ ਇਕ ਸਾਰਥਕ ਵਿਕਲਪ ਦੀ ਚੋਣ ਕਰੋ।

191. 'ਉਹ ਮੱਝ ਜਿਸਦੀ ਧਾਰ ਔਖੀ ਨਿਕਲੇ'
   (A) ਕੁਮਕ
   (B) ਘੋਸਲ
   (C) ਖਿੱਲ
   (D) ਘਰੂਤ



Latest Sarkari Jobs, Govt Exam Results, Vacancies and updates on one click

Know More

192. 'ਬਣੇ ਬਣੇ ਅੱਗੇ ਹੋ ਮੋਹਰੀ ਬਣਨ ਵਾਲਾ'
(A) ਉਲਾਰ
(B) ਘੋਸਲਾ
(C) ਘੜਪੈਂਚ
(D) ਫੁੰਸਤ

193. 'ਮੀਂਹ ਤੋਂ ਬਾਅਦ ਚੱਲਣ ਵਾਲੀ ਠੰਢੀ ਹਵਾ'
(A) ਬੁੱਲ੍ਹਾ
(B) ਠੇਕਾ
(C) ਪੁਰਾ
(D) ਵਾਛੜ

194. 'ਉਹ ਧਰਤੀ ਜੋ ਰੇਤਲੀ ਹੋਵੇ'
(A) ਮੈਰਾ
(B) ਕੱਲਰ
(C) ਹੰਬਲ
(D) ਔਤ

195. 'ਜਿਸਦੀ ਔਲਾਦ ਹੋਵੇ'
(A) ਔਤਰਾ
(B) ਔਂਤਰਾ
(C) ਸੌਂਤਰਾ
(D) ਢਾਹਾ

196. 'ਪੰਜਾਬ' ਨਾਂਵ ਕਿਸ ਸ਼੍ਰੇਣੀ ਵਿੱਚ ਆਉਂਦਾ ਹੈ
(A) ਆਮ ਨਾਂਵ
(B) ਖਾਸ ਨਾਂਵ
(C) ਵਸਤੂਵਾਚਕ ਨਾਂਵ
(D) ਇਕੱਠਵਾਚੀ ਨਾਂਵ

197. 'ਜੇ ਤੂੰ ਸਕੂਲ ਜਾਂਦੋ ਤਾਂ ਇਨਾਮ ਜ਼ਰੂਰ ਜਿੱਤਦੀ' ਵਾਕ ਹੈ
(A) ਪੂਰਨ ਚਾਲੂ ਭੂਤ ਕਾਲ
(B) ਪੂਰਨ ਚਾਲੂ ਵਰਤਮਾਨ ਕਾਲ
(C) ਹੁਕਮੀ ਵਰਤਮਾਨ ਕਾਲ
(D) ਸ਼ਰਤੀ ਭੂਤ ਕਾਲ

198. 'ਗੀਤਾ ਕਿਤਾਬ ਪੜ੍ਹਦੀ ਹੈ' ਵਾਕ ਵਿਚਲੀ ਕਿਰਿਆ ਹੈ
(A) ਕਰਤਰੀ ਮੇਲ ਦੀ
(B) ਕਰਮਣੀ ਮੇਲ ਦੀ
(C) ਸੁਤੰਤਰ ਮੇਲ ਦੀ
(D) ਇਨ੍ਹਾਂ ਵਿਚੋਂ ਕੋਈ ਨਹੀਂ

199. 'ਜਮਾਂਦਾਰ' ਸ਼ਬਦ ਦਾ ਇਸਤਰੀ ਲਿੰਗ ਬਣਾਉਣ ਲਈ ਉਸ ਨਾਲ ਕੀ ਜੋੜਿਆ ਜਾਂਦਾ ਹੈ
(A) -ਣੀ
(B) -ਨ
(C) -ਨੀ
(D) -ਆਣੀ

200. 'ਮੇਜ' ਸ਼ਬਦ ਦਾ ਸਧਾਰਨ ਬਹੁਵਚਨੀ ਰੂਪ ਹੈ
(A) ਮੇਜ
(B) ਮੇਜਾਂ
(C) ਮੇਜੋਂ
(D) ਮੇਜੇ



Latest Sarkari Jobs, Govt Exam Results, Vacancies and updates on one click
Know More

## IMPORTANT INSTRUCTIONS TO CANDIDATES

## उम्मीदवारों के लिए महत्त्वपूर्ण अनुदेश

SEAL

11. This Booklet contains **32** pages.
12. Please check all the pages of the Booklet carefully. In case of any defect, please ask the Invigilator for replacement of the Booklet.
13. **Directions** : Each question or incomplete statement is followed by four alternative suggested answers or completions. In each case, you are required to select the one that correctly answers the question or completes the statement and blacken (●) appropriate circle A, B, C or D by Blue/Black Ball-Point Pen against the question concerned in the Answer-Sheet. **(For V.H. candidates corresponding circle will be blackened by the scribe)**
14. Mark your answer by shading the appropriate circle against each question. The circle should be shaded completely without leaving any space. The correct method of shading is given below.

| Wrong Method | Wrong Method | Wrong Method | Correct Method |
|---|---|---|---|
| ○ ⊗ ○ ○ | ○ ⊘ ○ ○ | ○ ◉ ○ ○ | ○ ● ○ ○ |

The Candidate must mark his/her response after careful consideration.

15. There is only one correct answer to each question. You should blacken (●) the circle of the appropriate column, viz., A, B, C or D. If you blacken (●) more than one circle against any one question, the answer will be treated as wrong. If you wish to cancel any answer, you should completely erase that black mark in the circle in the Answer-Sheet and then blacken the circle of revised response.
16. A machine will read the coded information in the OMR Answer-Sheet. In case the information is incomplete/different from the information given in the application form, the candidature of such candidate will be treated as cancelled.
17. Use the space for rough work given in the Question Booklet only and not on the Answer-Sheet.
18. **You are NOT required to mark your answers in this Booklet. All answers must be indicated in the Answer-Sheet only.**

11. इस पुस्तिका में **32** पेज है ।
12. इस पुस्तिका के सभी पृष्ठों का ध्यानपूर्वक निरीक्षण करें । यदि कोई दोष है, तो निरीक्षक को उसे बदलने के लिए कहें ।
13. **निर्देश** : प्रत्येक प्रश्न अथवा प्रत्येक अधूरे कथन के बाद चार उत्तर अथवा पूरक कथन सुझाये गये हैं । प्रत्येक दशा में आपको किसी एक को चुनना है जो प्रश्न का सही उत्तर दें अथवा कथन को पूरा करें और आपको उत्तर-पत्रिका में उपयुक्त गोलाकार खाने A, B, C या D को नीला या काला बॉल-पॉइन्ट पेन से काला (●) करना है । **(दृष्टिबाधित उम्मीदवारों के लिए संगत गोलाकार लिपिक द्वारा काला किया जाए)**
14. प्रत्येक प्रश्न के सामने उचित वृत्त का चिन्हांकन करके अपना उत्तर लिखें । वृत्त को बिना कोई स्थान छोड़े चिन्हांकित करें चिन्हांकित करने का सही तरीका नीचे दिया गया है ।

| गलत तरीका | गलत तरीका | गलत तरीका | सही तरीका |
|---|---|---|---|
| ○ ⊗ ○ ○ | ○ ⊘ ○ ○ | ○ ◉ ○ ○ | ○ ● ○ ○ |

अभ्यर्थी को अपना उत्तर ध्यानपूर्वक सोच विचार के उपरान्त चिन्हित करना चाहिए ।

15. प्रत्येक प्रश्न का केवल एक ही सही उत्तर है । आपको समुचित कॉलम अर्थात् A, B, C या D के गोलाकार खाने को काला (●) करना है । यदि आप किसी प्रश्न के सामने एक से अधिक गोलाकार खाने को भरेंगे (●) तो आपका उत्तर गलत माना जायेगा । यदि आप किसी उत्तर को रद्द करना चाहते हैं तो आप उत्तर-पुस्तिका के उस गोलाकार खाने से काले निशान को पूरी तरह से मिटा दें और तब बदले हुए उत्तर के लिए गोलाकार खाने को काला कर दें ।
16. ओ.एम.आर. उत्तर-पत्रिका में भरी गई कूट सूचना को एक मशीन पढ़ेगी । यदि सूचना अपूर्ण है अथवा आवेदन पत्र में दी गई सूचना से भिन्न है, तो ऐसे अभ्यर्थी की अभ्यर्थिता निरस्त समझी जायेगी ।
17. कच्चे कार्य के लिए केवल प्रश्न पत्र में दिए गये स्थान का प्रयोग करें । उत्तर-पुस्तिका पर कच्चा कार्य न करें ।
18. **इस पुस्तिका के अन्दर आपको उत्तर अंकित नहीं करने हैं । उत्तर केवल उत्तर-पत्रिका में ही दें ।**

**Go through instructions given in Page No. 3 (Facing Page)**



Latest Sarkari Jobs, Govt Exam Results, Vacancies and updates on one click

Know More

DO NOT OPEN THE SEAL OF THIS BOOKLET UNTIL YOU ARE TOLD TO DO SO

POST CODE / पोस्ट कोड :
189/14, 190/14

# QUESTION-CUM ANSWER BOOKLET
## प्रश्न–उत्तर पुस्तिका

**JDD-81/PGT-PUNJ/TIER-II/X-15**

**DESCRIPTIVE TIER – II/ वर्णनात्मक टियर – II**
**MAIN EXAMINATION/ मुख्य परीक्षा**

Time Allowed : 1 Hour
निर्धारित समय : 1 घण्टा

Maximum Marks : 50
अधिकतम अंक : 50

**IMPORTANT INSTRUCTIONS TO CANDIDATES**
**उम्मीदवारों के लिए महत्त्वपूर्ण अनुदेश**

1. Before making any entry on Question Paper and QAB candidate should count and check the no. of pages and if any discrepancy is seen then Invigilator should be informed immediately for another copy of Question Paper/QAB.

   प्रश्न-पत्र तथा QAB में किसी भी प्रकार की प्रविष्टि करने के पूर्व अभ्यर्थियों को कुल पृष्ठ संख्या की जाँच अवश्य कर लेनी चाहिए तथा किसी भी प्रकार की विसंगति होने पर वीक्षक को सूचित कर प्रश्न-पत्र QAB की दूसरी प्रति प्राप्त करना चाहिए ।

2. Answer of every question is expected at specified space. The answer will not be checked if there is change in place of question or answer.

   प्रत्येक प्रश्न का निर्धारित जगह पर उत्तर अपेक्षित है । प्रश्न या उत्तर के स्थान परिवर्तन होने पर उत्तर की जाँच नहीं की जाएगी ।

3. It is mandatory to strictly follow the instructions by the candidates.

   दिए गए निर्देशों का कड़ाई से पालन करना प्रत्येक अभ्यर्थी के लिए अनिवार्य है ।

इस पुस्तिका की सील तब तक न खोलें जब तक कहा न जाए

SEAL

SEAL

Latest Sarkari Jobs, Govt Exam Results, Vacancies and updates on one click
Know More

i) ਲੇਖ

I. ਹੇਠਾਂ ਦਿੱਤੇ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ: 30 ਅੰਕ

a) ਵਿਗਿਆਨ ਨੇ ਮਨੁੱਖ ਦੇ ਜੀਵਨ ਨੂੰ ਬਹੁਤ ਹੀ ਆਰਾਮਦਾਇਕ ਬਣਾ ਦਿੱਤਾ ਹੈ

ਜਾਂ

b) ਦੇਸ਼ਭਗਤੀ

ਜਾਂ

c) ਪਿੰਡ ਦੀ ਜ਼ਿੰਦਗੀ ਬਨਾਮ ਸ਼ਹਿਰੀ ਜ਼ਿੰਦਗੀ



Latest Sarkari Jobs, Govt Exam Results, Vacancies and updates on one click
Know More

## ii) ਪੱਤਰ ਲੇਖਣ/ਵਿਚਾਰਾਂ ਦਾ ਵਿਸਥਾਰ

II. ਹੇਠਲਿਆਂ ਵਿਚੋ **ਕਿਸੇ ਇੱਕ** ਦਾ ਉੱਤਰ ਦਿਓ: **20 ਅੰਕ**

a) ਆਪਣੇ ਮਿੱਤਰ ਨੂੰ ਪੱਤਰ ਲਿਖੋ, ਤੁਹਾਡੇ ਕਸਬੇ ਵਿੱਚ ਹਾਲ ਹੀ ਵਿੱਚ ਹੋਏ ਵਨ ਡੇ ਇੰਟਰਨੈਸ਼ਨਲ ਕ੍ਰਿਕੇਟ ਮੈਚ ਦਾ ਵਰਣਨ ਕਰੋ।

ਜਾਂ

b) ਉੱਤਪੰਨ ਵਿਚਾਰਾਂ ਅਤੇ ਦੁਨਿਆਂ 'ਤੇ ਰਾਜ ਕਰਨ ਵਾਲੇ ਵਿਚਾਰਾਂ ਨੂੰ ਪਛਾਣਾ। ਵਿਸਥਾਰ ਕਰੋ।

ਜਾਂ

c) ਸੈਕੰਡ ਕਲਾਸ ਵੇਟਿੰਗ ਰੂਮ ਦੀ ਗੰਦੀ ਹਾਲਤ ਦੇ ਬਾਰੇ ਵਿੱਚ ਸਥਾਨਿਕ ਰੇਲਵੇ ਸਟੇਸ਼ਨ ਦੇ ਸਟੇਸ਼ਨ ਮਾਸਟਰ ਨੂੰ ਪੱਤਰ ਲਿਖੋ ਅਤੇ ਕੁਝ ਸੁਝਾਅ ਦਿਓ।

Prepp



Latest Sarkari Jobs, Govt Exam Results, Vacancies and updates on one click
Know More

## INSTRUCTIONS TO CANDIDATES

1. Time Allowed :
   Descriptive Type Examination : 1 Hour
   Total : 1 Hour
2. Please check all the pages of the Question-Cum Answer Booklet with OMR facing sheet. In case of any defect, please ask the Invigilator for replacement of the Booklet. In case of any discrepancy between the English and Hindi versions of any Question, the English version will be treated as final/authentic.
3. You must not tear off or remove any sheet from this Booklet. This Booklet must be handed over to the Invigilator before you leave the Examination Hall.
4. This Booklet consists of Descriptive Examination – 2 questions of 50 marks. Limit your answer to the space provided in this Booklet. No additional sheet will be provided.
5. Answer the Questions as carefully as you can. Some Questions may be difficult and others easy. Do not spend much time on any Question.
6. Use of Calculator/Palmtop/Laptop/Other Digital Instrument/Mobile/Cell Phone/ Pager is **NOT** allowed.
7. Candidates found guilty of misconduct/ using unfair means in the Examination Hall will be liable for appropriate penal/ legal action.
8. You should not write your roll number, name or address in the space provided for writing answer. In case of letter writing name and address should be written as "abc", 'xyz" etc.

## अभ्यर्थियों के लिए अनुदेश

1. निर्धारित समय :
   वर्णनात्मक परीक्षा : 1 घण्टा
   कुल : 1 घण्टा
2. इस प्रश्न-उत्तर पुस्तिका और ओ.एम.आर. मुंहा पत्रिका के सभी पृष्ठों का ध्यानपूर्वक निरीक्षण करें। यदि कोई दोष है, तो निरीक्षक को उसे बदलने के लिए कहें। यदि किसी प्रश्न के हिन्दी तथा अंग्रेजी अनुवाद में कोई अंतर है, तो अंग्रेजी अनुवाद को ही सही समझा जाएगा।
3. इस पुस्तिका से कोई पन्ना फाड़ना या अलग करना मना है। परीक्षा-भवन छोड़ने से पहले यह पुस्तिका निरीक्षक के हवाले कर दें।
4. इस पुस्तिका में 50 अंकों का वर्णनात्मक परीक्षा – 2 प्रश्न सम्मिलित किए गए हैं। अपने उत्तर को इस पुस्तिका में दिए गए निर्दिष्ट स्थान तक ही सीमित रखें। कोई अतिरिक्त पृष्ठ नहीं दिया जाएगा।
5. प्रश्नों के उत्तर यथेष्ट रूप से ध्यानपूर्वक दें। कुछ प्रश्न आसान तथा कुछ कठिन हो सकते हैं। किसी एक प्रश्न पर बहुत समय न लगाएँ।
6. कैलकुलेटर/पामटॉप/लैपटॉप/अन्य डिजिटल उपकरण/मोबाइल/सेल फोन/पेजर का उपयोग **वर्जित है**।
7. परीक्षा-भवन में अनुचित व्यवहार एवं कार्य के लिए दोषी पाये गये अभ्यर्थी युक्तिसंगत दण्डनीय/वैधानिक कारवाई के पात्र होंगे।
8. आपको उत्तर लिखने के लिए दिए गए स्थान पर नाम या पता तथा अपना रोल नम्बर **नहीं** लिखना चाहिए। पत्र लेखन में दिए गए नाम व पता लिखने के स्थान पर "abc", 'xyz" लिखें।

SEAL

SEAL



Latest Sarkari Jobs, Govt Exam Results, Vacancies and updates on one click
Know More

prepp

# Latest Sarkari jobs, Govt Exam alerts, Results and Vacancies

- Latest News and Notification
- Exam Paper Analysis
- Topic-wise weightage
- Previous Year Papers with Answer Key
- Preparation Strategy & Subject-wise Books

To know more **Click Here**

www.prepp.in